ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria, Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Bellvue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 48 Ending Date: Nov 28, 2025

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100

## ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ

### ਬੰਗਲਾਦੇਸ਼ ਨੇ ਦਿੱਤਾ ਮਨੁੱਖਤਾ ਦਾ ਦੋਸ਼ੀ ਕਰਾਰ



ਢਾਕਾ:-ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਨੇ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮਨੁੱਖਤਾ ਵਿਰੁੱਧ ਗੰਭੀਰ ਅਪਰਾਧਾਂ ਦਾ ਦੋਸ਼ੀ ਪਾਇਆ ਹੈ। ਇਸ ਮਾਮਲੇ ਵਿੱਚ ਤਿੰਨ ਜੱਜਾਂ ਦੇ ਟ੍ਰਿਬਿਊਨਲ ਨੇ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਈ।ਸ਼ੇਖ ਹਸੀਨਾ ਦੇ ਨਾਲ ਸਾਬਕਾ ਗ੍ਰਹਿ ਮੰਤਰੀ ਅਤੇ ਸਾਬਕਾ ਇੰਸਪੈਕਟਰ ਜਨਰਲ ਆਫ਼ ਪੁਲਿਸ ਨੂੰ ਵੀ ਮੌਤ ਦੀ ਸਜ਼ਾ ਸੁਣਾਈ ਗਈ ਹੈ। ਜਸਟਿਸ ਗੁਲਾਮ ਮੁਰਤਜ਼ਾ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਟ੍ਰਿਬਿਊਨਲ ਨੇ 400 ਪੰਨਿਆਂ ਦੇ ਛੇ ਹਿੱਸਿਆਂ ਵਿੱਚ ਆਪਣਾ ਫੈਸਲਾ ਸੁਣਾਇਆ।ਜਸਟਿਸ ਮੁਰਤਜ਼ਾ ਦੀ ਅਗਵਾਈ ਵਾਲੇ ਟ੍ਰਿਬਿਊਨਲ ਵਿੱਚ ਜਸਟਿਸ ਮੁਹੰਮਦ ਸ਼ਫੀਉਲ ਆਲਮ ਮਹਿਮੂਦ ਅਤੇ ਮੁਹੰਮਦ ਮੋਹਿਤੁਲ ਹੱਕ ਇਨਾਮ ਚੌਧਰੀ ਵੀ ਸ਼ਾਮਲ ਹਨ।ਟ੍ਰਿਬਿਊਨਲ ਨੇ ਇੱਕ ਮਾਮਲੇ ਵਿੱਚ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਉਨ੍ਹਾਂ ਦੀ ਮੌਤ ਤੱਕ ਕੈਦ ਰੱਖਣ ਦਾ ਫੈਸਲਾ ਦਿੱਤਾ। ਟ੍ਰਿਬਿਊਨਲ ਨੇ ਕਿਹਾ ਕਿ ਅਸੀਂ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਹੋਰ ਸੰਗਠਨਾਂ ਦੀਆਂ ਕਈ ਰਿਪੋਰਟਾਂ ਤੇ ਵਿਚਾਰ ਕੀਤਾ ਹੈ।ਅਸੀਂ ਅੱਤਿਆਚਾਰਾਂ ਦਾ ਵੀ ਵੇਰਵਾ ਦਿੱਤਾ।ਸ਼ੇਖ ਹਸੀਨਾ ਨੇ ਮਨੁੱਖਤਾ ਵਿਰੁੱਧ ਅਪਰਾਧ ਕੀਤੇ।ਟ੍ਰਿਬਿਊਨਲ ਨੇ ਆਪਣੇ ਫੈਸਲੇ ਵਿੱਚ ਇਹ ਵੀ ਕਿਹਾ ਕਿ ਵੱਡੀ ਗਿਣਤੀ ਵਿੱਚ ਪ੍ਰਦਰਸ਼ਨਕਾਰੀ ਮਾਰੇ ਗਏ ਸਨ।ਸ਼ੇਖ ਹਸੀਨਾ ਨੇ ਸ਼ਾਂਤੀਪੂਰਨ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਤੇ ਹੈਲੀਕਾਪਟਰ ਬੰਬਾਰੀ ਦਾ ਹੁਕਮ ਦਿੱਤਾ ਸੀ।ਟ੍ਰਿਬਿਊਨਲ ਨੇ ਇਹ ਵੀ ਕਿਹਾ ਕਿ ਅਵਾਮੀ ਲੀਗ ਦੇ ਵਰਕਰ ਕਥਿਤ ਤੌਰ ਤੇ ਸੜਕਾਂ ਤੇ ਉਤਰੇ ਅਤੇ ਪਾਰਟੀ ਲੀਡਰਸ਼ਿਪ ਦੀ ਪੂਰੀ ਜਾਣਕਾਰੀ ਨਾਲ ਯੋਜਨਾਬੱਧ ਹਮਲੇ ਕੀਤੇ।

## ਰੰਗਲੇ ਸੱਜਣ ਭਾਈ ਬਲੀ ਸਿੰਘ ਸ਼ੋਕਰ ਦਾ ਵਿਛੋੜਾ



October 15, 1959- November 18, 2025

ਸਰੀ:ਭਾਈ ਬਲੀ ਸਿੰਘ ਸ਼ੋਕਰ 18 ਨਵੰਬਰ 2025 ਦਿਨ ਸੋਮਵਾਰ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।ਪ੍ਰੀਵਾਰ ਦੇ ਦੱਸਣ ਮੁਤਾਬਿਕ ਉਹ ਆਪਣੇ ਪਾਲਤੂ ਜਾਨਵਰ ਨੂੰ ਸਵੇਰੇ ਸਵੇਰੇ ਘੁੰਮਾ ਕੇ ਲਿਆਏ ਤੇ ਫੇਰ ਪ੍ਰੀਵਾਰ ਨੇ ਸਨਡਿੱਕ ਤੇ ਡਿੱਗ ਪਏ ਤੇ ਉਥੇ ਹੀ ਅਕਾਲ ਪੁਰਖੁ ਨੂੰ ਪਿਆਰੇ ਹੋ ਗਏ। ਬੇਹਦ ਨਰਮ ਸੁਭਾ ਵਾਲੇ ਬਲੀ ਸਿੰਘ ਸ਼ੋਕਰ ਅਜਿਹੀ ਸ਼ਖਸੀਅਤ ਸਨ, ਜਿਹਨਾਂ ਨੇ ਪੰਜਾਬੀ ਬੋਲੀ ਦੀ ਮਹਾਨ ਸੇਵਾ ਕੀਤੀ।ਪੰਜਾਬੀ ਅਖਬਾਰਾਂ ਨੂੰ ਕੈਨੇਡਾ ਵਿੱਚ ਘਰ ਘਰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਦੀ ਦਹਾਕਿਆਂ ਤੋਂ ਸੇਵਾ ਨਿਭਾ ਰਹੇ ਸਨ।ਅਖਬਾਰ ਚਾਹੇ ਕਿਸੇ ਵੀ ਪਬਲਿਸ਼ਰ ਦਾ ਹੋਵੇ, ਚਾਹੇ ਕੋਈ ਵੀ ਵਿਚਾਰਧਾਰਾ ਦਾ ਹੋਵੇ, ਖੁਸ਼ੀ-ਖੁਸ਼ੀ ਇਹ ਸੇਵਾ ਸੰਭਾਲਦੇ ਸਨ। ਕਿੱਤੇ ਵਜੋਂ ਭਾਈ ਬਲੀ ਸਿੰਘ ਟੈਕਸੀ ਡਰਾਈਵਰ ਸਨ ਅਤੇ ਜ਼ਿਆਦਾ ਸਮਾਂ ਪੰਥਕ ਸੇਵਾਵਾਂ ਲਈ ਦਿੰਦੇ ਸਨ।ਪੰਥਕ ਸੇਵਾਵਾਂ ਕਾਰਨ ਕਈ ਸਾਲ ਜਲਵਤਨੀ ਵਜੋਂ ਗੁਜ਼ਾਰੇ ਪਰ ਫੇਰ ਵੀ ਚੜ੍ਹਦੀ ਕਲਾ ਵਿੱਚ ਰਹੇ।ਭਾਈ ਬਲੀ ਸਿੰਘ ਸ਼ੋਕਰ ਪੰਜਾਬ ਤੋਂ ਪਿੰਡ ਰਕਬਾ, ਜ਼ਿਲਾ ਲੁਧਿਆਣਾ ਨਾਲ ਸਬੰਧਿਤ ਸਨ ਅਤੇ ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ। ਉਹ ਪਹਿਲਾਂ ਯੈਰੋ ਇਲਾਕੇ ਵਿੱਚ (ਫਰੇਜ਼ਰ ਵੈਲੀ) ਰਹੇ, ਫਿਰ ਸਰੀ ਜਾ ਵਸੇ।ਉਹਨਾਂ ਦਾ ਸਾਰਿਆਂ ਨਾਲ ਬੇਹੱਦ ਪ੍ਰੇਮ ਤੇ ਇਤਫਾਕ ਸੀ।ਆਪਣੇ ਪਰਿਵਾਰ ਨਾਲ ਭਾਈ ਬਲੀ ਸਿੰਘ ਸ਼ੋਕਰ ਇਸ ਵੇਲੇ ਸੋਹਣੀ ਜ਼ਿੰਦਗੀ ਬਸਰ ਕਰ ਰਹੇ ਸਨ। ਜਾਣਕਾਰੀ ਅਨੁਸਾਰ ਉਹਨਾਂ ਨੂੰ ਦਿਲ ਦਾ ਦੌਰਾ ਪਿਆ, ਜੋ ਜਾਨ ਲੇਵਾ ਸਾਬਤ ਹੋਇਆ।ਉਮਰ ਦੇ 7 ਦਹਾਕੇ ਵਧੀਆ ਗੁਜ਼ਾਰਨ ਵਾਲੇ, ਗੁਰਬਾਣੀ ਪ੍ਰੇਮੀ, ਸਾਹਿਤ ਨੂੰ ਸਮਰਪਿਤ ਅਤੇ ਨਿਰਮਾਣਤਾ ਦੀ ਮੂਰਤ ਭਾਈ ਸਾਹਿਬ ਬਲੀ ਸਿੰਘ ਸ਼ੋਕਰ ਨੂੰ ਅਦਾਰਾ 'ਪੰਜਾਬ ਗਾਰਡੀਅਨ' ਸ਼ਰਧਾ ਦੇ ਫੁੱਲ ਭੇਟ ਕਰਦਾ ਹੈ।ਉਨ੍ਹਾਂ ਦਾ ਸਸਕਾਰ 23 ਨਵੰਬਰ ਐਤਵਾਰ ਸ਼ਾਮ ਨੂੰ 3 ਵਜੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ ਅਤੇ ਉਨ੍ਹਾਂ ਨਮਿਤ ਭੋਗ ਸ਼ਾਮ 5 ਵਜ਼ੇ ਗੁਰਦਆਰਾ ਅੰਮ੍ਰਿਤ ਪ੍ਰਕਾਸ਼ ( 7990 -123 ਏ) ਸਰੀ ਵਿਖੇ ਪਵੇਗਾ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
- ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
- ਮਨੀ-ਬੈਕ ਟਰਮ ਇੰਸ਼ੋਰੈਂਸ
- ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
- ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ
ਜਸਵੀਰ ਗਰੇਵਾਲ
778 317 6262
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ADVERTISE HERE
If you are reading this, so are your potential customers!
Contact us for details.
ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

Pacific Home Warranty
J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਜਰਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
- DOMESTIC & INTERNATIONAL TICKETS
- TOURS, CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਸੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
- ICBC Claims • Private Claims • Free Courtesy Cars
- Auto Glass Replacement • Free Estimates
Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੈਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305

# FARM AND SPICE

## Weekly Special

*Special Sampling in Certain Stores*

## Nov 21 – 27



ਪੀਲੇ ਪਿਆਜ਼
Yellow Onion
50 Lbs
$11.99



ਅਨਾਰ
Pomegranate
each
$1.99



ਨਿੰਬੂ
Limes
4 for
$0.99



ਲਸਨ
Garlic
1 Kg each
$2.99



ਆਵਾਕੈਡੋ
Avocado
each
$0.89




ਰੁਸੈਟ ਆਲੂ
Russet Potatoes
10Lbs
$3.99



ਸੰਤਰੇ
Mandarins
Per lb
$1.49



ਸੇਬ
Apple Red Delicious
Per lb
$1.49




ਸ਼ੇਰ ਬੇਸਨ
Sher Besan
4 Lbs
$4.99




ਹੈਰੀਟੇਜ
Heritage Premium Dates
680 gms
$5.99




ਸ਼ੇਰ ਬਾਸਮਤੀ
Sher Extra Long Basmati Rice
10 Lbs
$11.99



ਹਰੀ ਇਲਾਇਚੀ
Green Cardamom Bulk
Per lb
$34.99




ਸ਼ੇਰ ਆਟਾ
Sher Desi Style Atta
20 Lbs
$14.99



ਕੈਨਟੀਨ ਪੇਸੀ ਗੁੜ / ਸ਼ਕਰ
Canteen Pesi Gur / Shakkar
1 Kg
$3.49




ਸਵੇਰਾ ਪਨੀਰ
Savera Paneer
341 gms
$3.99




ਸ਼ੇਰ ਚਿਟੀ / ਭੂਰੀ ਖੰਡ
Sher White / Brown Sugar
8 Lbs
$7.99

*while supply last

Open 7 Days a Week
8:30 am to 10:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਜੇਲ੍ਹ ਵਿਚ ਭੇਦਭਰੀ ਹਾਲਤ ਵਿਚ ਮਰਿਆ ਬੁੱਚੜ ਇੰਸਪੈਕਟਰ ਸੀਤਾ ਰਾਮ:ਕਤਲ ਜਾਂ "ਕੁਦਰਤੀ" ਮੌਤ?

## 30 ਸਾਲ ਜੇਲ੍ਹ ਕੱਟ ਕੇ ਵੀ ਛੁਟਕਾਰਾ ਨਾ ਹੋਇਆ ਸਿੱਖ ਨੌਜਵਾਨਾਂ ਦੀਆਂ ਲਾਵਾਰਸ ਲਾਸ਼ਾਂ ਤੇ ਕਤਲਾਂ ਤੋਂ


ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ 80 ਸਾਲਾਂ ਦਾ ਸਾਬਕਾ ਪੰਜਾਬ ਪੁਲਿਸ ਇੰਸਪੈਕਟਰ ਸੀਤਾ ਰਾਮ, ਜੋ ਪਿਛਲੇ 30 ਸਾਲਾਂ ਤੋਂ ਝੂਠੇ ਪੁਲਿਸ ਮੁਕਾਬਲਿਆਂ ਦੇ ਕੇਸਾਂ ਵਿੱਚ ਜੇਲ੍ਹਾਂ ਦੇ ਚੱਕਰ ਕੱਟ ਰਿਹਾ ਸੀ, ਬੀਤੇ ਦਿਨੀਂ ਉਸਦੀ ਮੌਤ ਹੋ ਗਈ। ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ ਵਿੱਚ ਦਾਖ਼ਲ ਹੋਣ ਤੋਂ ਬਾਅਦ ਰਾਤ ਨੂੰ ਉਸ ਨੇ ਅੰਤਿਮ ਸਾਹ ਲਿਆ। ਅਧਿਕਾਰੀਆਂ ਨੇ ਇਸ ਨੂੰ 'ਕੁਦਰਤੀ ਮੌਤ' ਕਿਹਾ ਹੈ, ਪਰ ਪਰਿਵਾਰ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਕੀ ਇਹ ਕਤਲ ਹੈ ਜਾਂ ਖ਼ੁਦਕੁਸ਼ੀ?

ਇਥੇ ਜ਼ਿਕਰਯੋਗ ਹੈ ਕਿ ਪੰਜਾਬ ਦੇ ਸੰਤਾਪ ਦੌਰਾਨ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਕਾਤਲ ਵਜੋਂ ਜਾਣੇ ਜਾਂਦੇ ਇਸ 'ਬੁਚੜ ਪੁਲਿਸੀਏ' ਨੂੰ ਲੈ ਕੇ ਸਿੱਖ ਪੰਥ ਵਿਚ ਗੁੱਸਾ ਅਤੇ ਰੋਸ ਦੀ ਲਹਿਰ ਸੀ। ਸੀਤਾ ਰਾਮ ਦੀ ਮੌਤ ਦੀ ਖ਼ਬਰ ਨੇ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਨੂੰ ਫਿਰ ਚਰਚਾ ਵਿੱਚ ਲਿਆਂਦਾ ਹੈ। ਉਹ ਪਿਛਲੇ ਦੋ ਦਿਨਾਂ ਤੋਂ ਬਿਮਾਰ ਸੀ ਅਤੇ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਰਾਜਿੰਦਰਾ ਹਸਪਤਾਲ ਵਿੱਚ ਭਰਤੀ ਕੀਤਾ। ਅਧਿਕਾਰੀਆਂ ਅਨੁਸਾਰ, ਉਸ ਦੀ ਉਮਰ ਅਤੇ ਲੰਮੀ ਬਿਮਾਰੀ ਕਾਰਨ ਇਹ ਮੌਤ ਹੋਈ, ਪਰ ਪੋਸਟਮਾਰਟਮ ਰਿਪੋਰਟ ਅਜੇ ਆਉਣੀ ਬਾਕੀ ਹੈ। ਪਰਿਵਾਰ ਨੇ ਇਸ 'ਭੇਤਭਰੇ' ਹਾਲ ਨੂੰ ਲੈ ਕੇ ਸਖ਼ਤ ਸਵਾਲ ਉਠਾਏ ਹਨ। ਉਸ ਦੇ ਪੁੱਤਰ ਨੇ ਨਿੱਜੀ ਗੱਲਬਾਤ ਵਿੱਚ ਕਿਹਾ, "ਪਾਪਾ ਨੂੰ ਜੇਲ੍ਹ ਵਿੱਚ ਰੱਖ ਕੇ ਉਹਨਾਂ ਨੂੰ ਮਾਰ ਦਿੱਤਾ। ਜਦੋਂ ਸੀਤਾਰਾਮ ਜੀ ਨੂੰ ਸਜ਼ਾ ਹੋਈ ਤਾਂ ਸਰਕਾਰ ਨੇ ਸਾਡੀ ਬਾਂਹ ਨਹੀਂ ਫੜੀ। ਉਹਨਾਂ ਕਿਹਾ ਕਿ ਪੰਜਾਬ ਜੇਲ੍ਹਾਂ ਵਿੱਚ ਪਿਛਲੇ ਸਾਲਾਂ ਵਿੱਚ ਕਈ ਸਾਬਕਾ ਅਧਿਕਾਰੀ 'ਹਾਦਸੇ' ਵਿੱਚ ਮਰ ਚੁੱਕੇ ਹਨ। ਇਸ ਦੀ ਪੂਰੀ ਜਾਂਚ ਹੋਵੇ। ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਸੀਤਾ ਰਾਮ ਵਹਿਸ਼ੀ ਅਫਸਰ ਸੀ। ਉਹ ਪੰਜਾਬ ਪੁਲਿਸ ਵਿੱਚ 1960ਵਿਆਂ ਵਿੱਚ ਭਰਤੀ ਹੋਇਆ ਅਤੇ ਤਰਨ ਤਾਰਨ ਜ਼ਿਲ੍ਹੇ ਵਿੱਚ ਐਸਐਚਓ ਵਜੋਂ ਤਾਇਨਾਤ ਹੋਇਆ ਸੀ। ਪੰਜਾਬ ਦੇ ਸੰਤਾਪ ਦੌਰਾਨ (1984-1995), ਜਦੋਂ ਖਾਲਿਸਤਾਨੀ ਅੰਦੋਲਨ ਨੂੰ ਕੁਚਲਨ ਲਈ ਪੁਲਿਸ ਨੂੰ ਖੁੱਲ੍ਹੀ ਛੁੱਟ ਦਿੱਤੀ ਗਈ ਸੀ, ਸੀਤਾ ਰਾਮ ਨੇ ਅਨੇਕਾਂ ਸਿੱਖ ਨੌਜਵਾਨਾਂ ਨੂੰ ਮਾਰ ਮੁਕਾਇਆ। ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਅੰਦਾਜ਼ਨ ਉਸ ਨੇ 20 ਤੋਂ ਵੱਧ ਝੂਠੇ ਪੁਲਿਸ ਮੁਕਾਬਲੇ ਬਣਾਏ, ਜਿਨ੍ਹਾਂ ਵਿੱਚ ਘੱਟ ਤੋਂ ਘੱਟ 50 ਸਿੱਖ ਨੌਜਵਾਨ ਮਾਰੇ। ਖਾਲੜਾ ਮਿਸ਼ਨ, ਇਨਸਾਫ ਅਤੇ ਹਿਊਮਨ ਰਾਈਟਸ ਵਾਚ ਦੀਆਂ ਰਿਪੋਰਟਾਂ ਅਨੁਸਾਰ, ਉਹ ਤਰਨ ਤਾਰਨ ਅਤੇ ਹੁਸ਼ਿਆਰਪੁਰ ਵਿੱਚ ਅਨੇਕਾਂ ਨੌਜਵਾਨਾਂ ਨੂੰ ਗਾਇਬ ਕਰਨ ਤੇ ਕਤਲ ਕਰਨ ਵਿੱਚ ਸ਼ਾਮਲ ਸੀ।

ਸਭ ਤੋਂ ਵੱਡਾ ਕੇਸ, ਜਿਸ ਨੇ ਉਸ ਨੂੰ ਜੇਲ੍ਹ ਵਿੱਚ ਭੇਜਿਆ, ਉਹ 1993 ਦਾ ਤਰਨ ਤਾਰਨ ਝੂਠਾ ਪੁਲਿਸ ਮੁਕਾਬਲਾ ਹੈ। 30 ਜਨਵਰੀ 1993 ਨੂੰ ਗਲੀਲੀਪੁਰ ਪਿੰਡ ਤੋਂ ਗੁਰਦੇਵ ਸਿੰਘ ਉਰਫ਼ ਦੇਬਾ ਨੂੰ ਅਤੇ 5 ਫਰਵਰੀ ਨੂੰ ਬਹਿਮਨੀਵਾਲਾ ਵਿਚੋਂ ਸੁਖਵੰਤ ਸਿੰਘ ਨੂੰ ਪੁਲਿਸ ਨੇ ਅਗਵਾ ਕੀਤਾ। ਫਿਰ 6 ਫਰਵਰੀ ਨੂੰ ਥਾਣਾ ਪੱਟੀ ਦੇ ਭਾਗੂਪੁਰ ਖੇਤ ਵਿੱਚ ਇੱਕ ਝੂਠੇ ਮੁਕਾਬਲੇ ਵਿੱਚ ਉਹਨਾਂ ਨੂੰ ਮਾਰ ਦਿੱਤਾ ਗਿਆ। ਪੁਲਿਸ ਨੇ ਦਾਅਵਾ ਕੀਤਾ ਕਿ ਦੋਵੇਂ ਨੇ ਪੁਲਿਸ ਉਪਰ ਗੋਲੀਆਂ ਚਲਾਈਆਂ ਸਨ, ਪਰ ਅਦਾਲਤ ਵਿੱਚ ਇਹ ਝੂਠ ਸਾਬਤ ਹੋਇਆ। ਸੁਪਰੀਮ ਕੋਰਟ ਦੇ ਹੁਕਮਾਂ ਤੇ 1995 ਵਿੱਚ ਸੀਬੀਆਈ ਨੇ ਜਾਂਚ ਸ਼ੁਰੂ ਕੀਤੀ ਅਤੇ 2000 ਵਿੱਚ 11 ਪੁਲਿਸ ਅਧਿਕਾਰੀਆਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ। ਮੋਹਾਲੀ ਦੀ ਸੀਬੀਆਈ ਕੋਰਟ ਨੇ 6 ਮਾਰਚ 2025 ਨੂੰ ਸੀਤਾ ਰਾਮ ਨੂੰ ਆਈਪੀਸੀ ਦੀ ਧਾਰਾ 302 (ਕਤਲ), 201 (ਸਬੂਤ ਨਾਸ਼ ਕਰਨਾ) ਅਤੇ 218 (ਝੂਠੇ ਰਿਕਾਰਡ ਬਣਾਉਣਾ) ਅਧੀਨ ਉਮਰ ਕੈਦ ਸੁਣਾਈ। ਕਾਂਸਟੇਬਲ ਰਾਜਪਾਲ ਨੂੰ 5 ਸਾਲ ਦੀ ਸਜ਼ਾ ਹੋਈ ਸੀ। ਪੀੜਤ ਲੋਕਾਂ ਦੇ ਪਰਿਵਾਰਾਂ ਨੂੰ ਜੁਰਮਾਨੇ ਤੋਂ 1.5 ਲੱਖ ਰੁਪਏ ਮੁਆਵਜ਼ਾ ਮਿਲਿਆ।

1989 ਵਿੱਚ ਹੁਸ਼ਿਆਰਪੁਰ ਦੇ ਗੜ੍ਹਦੀਵਾਲਾ ਵਿੱਚ ਭਗਤ ਸਿੰਘ ਦੇ ਜੀਜੇ ਦੇ ਭਤੀਜੇ ਕੁਲਜੀਤ ਸਿੰਘ ਢੱਠ ਨੂੰ ਅਪਹਰਣ ਕਰਕੇ ਮਾਰਨ ਵਾਲੇ ਕੇਸ ਵਿੱਚ ਉਹ ਸ਼ਾਮਲ ਸੀ। ਢੱਠ ਪ੍ਰਕਾਸ਼ ਕੌਰ (ਭਗਤ ਸਿੰਘ ਦੀ ਭੈਣ) ਦਾ ਜਵਾਈ ਸੀ। ਇਸ ਕੇਸ ਵਿੱਚ 2014 ਵਿੱਚ ਅਦਾਲਤ ਨੇ ਉਸ ਨੂੰ 5 ਸਾਲ ਦੀ ਸਜ਼ਾ ਸੁਣਾਈ, ਜਿਸ ਵਿੱਚ ਡੀਆਈਜੀ ਐਸਪੀਐਸ ਬਸਰਾ ਅਤੇ ਜਸਪਾਲ ਸਿੰਘ ਵੀ ਦੋਸ਼ੀ ਠਹਿਰਾਏ ਗਏ। ਇੱਕ ਹੋਰ 1993 ਵਾਲੇ ਕੇਸ ਵਿੱਚ ਉਹ ਦੋਸ਼ੀ ਠਹਿਰਾਇਆ ਗਿਆ ਸੀ, ਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 17 ਮਾਰਚ 2009 ਨੂੰ ਬਰੀ ਕਰ ਦਿੱਤਾ ਸੀ। ਇਸ ਤਰ੍ਹਾਂ, ਉਸ ਤੇ ਘੱਟੋ ਘੱਟ ਚਾਰ ਵੱਡੇ ਕੇਸ ਵਿੱਚੋਂ ਤਿੰਨ ਵਿੱਚ ਸਜ਼ਾਵਾਂ ਹੋਈਆਂ।

ਪੰਜਾਬ ਦੇ ਸੰਤਾਪ ਦੌਰਾਨ ਸੀਤਾ ਰਾਮ ਦੀ ਭੂਮਿਕਾ ਨੂੰ ਲੈ ਕੇ ਜਸਵੰਤ ਸਿੰਘ ਖਾਲੜਾ ਦੀ ਰਿਪੋਰਟ ਵਿੱਚ ਵੀ ਜ਼ਿਕਰ ਹੈ। ਖਾਲੜਾ, ਜੋ 1995 ਵਿੱਚ ਪੁਲਿਸ ਵੱਲੋਂ ਅਪਹਰਣ ਕੇ ਮਾਰੇ ਗਏ ਮਨੁੱਖੀ ਅਧਿਕਾਰ ਵਕੀਲ ਸਨ, ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੀ 6,000 ਤੋਂ ਵੱਧ ਲਵਾਰਸ ਲਾਸ਼ਾਂ ਦੇ ਕੇਸਾਂ ਦਾ ਪਰਦਾਫਾਸ਼ ਕੀਤਾ ਸੀ। ਇਨਸਾਫ ਦੀ ਰਿਪੋਰਟ 'ਨੋ ਸਟੋਨ ਅਨਟਰਨਡ' ਅਨੁਸਾਰ, ਸੀਤਾ ਰਾਮ ਨੂੰ ਕੁਲਜੀਤ ਸਿੰਘ ਧੱਟ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ। ਖਾਲੜਾ ਨੇ ਲਿਖਿਆ ਸੀ ਕਿ ਪੁਲਿਸ ਨੇ ਹਜ਼ਾਰਾਂ ਨੌਜਵਾਨਾਂ ਨੂੰ ਅਪਹਰਣ ਕਰਕੇ ਝੂਠੇ ਮੁਕਾਬਲਿਆਂ ਵਿੱਚ ਮਾਰਿਆ ਅਤੇ ਲਾਸ਼ਾਂ ਨੂੰ ਬਿਨਾਂ ਪਛਾਣ ਤੋਂ ਜਲਾ ਦਿੱਤਾ। ਐਸਪੀਐਸ ਬਸਰਾ ਅਤੇ ਜਸਪਾਲ ਸਿੰਘ ਵਰਗੇ ਅਧਿਕਾਰੀ, ਜੋ ਖਾਲੜਾ ਕੇਸ ਵਿੱਚ ਵੀ ਸ਼ਾਮਲ ਸਨ, ਨਾਲ ਸੀਤਾ ਰਾਮ ਦਾ ਨਾਂ ਜੁੜਦਾ ਹੈ। ਖਾਲੜਾ ਰਿਪੋਰਟ ਵਿੱਚ ਉਸ ਨੂੰ ਸਿੱਧੇ ਤੌਰ ਤੇ ਨਹੀਂ, ਪਰ ਧੱਟ ਕੇਸ ਵਾਂਗੂੰ ਅਨੇਕਾਂ ਅਪਹਰਣਾਂ ਵਿੱਚ ਜ਼ਿਕਰ ਕੀਤਾ ਗਿਆ ਹੈ। ਇਹ ਰਿਪੋਰਟ ਪੰਜਾਬ ਵਿੱਚ 25,000 ਗੁੰਮਸ਼ੁਦਗੀਆਂ ਅਤੇ 8,000 ਤੋਂ ਵੱਧ ਸਿੱਖ ਨੌਜਵਾਨਾਂ ਦੀਆਂ ਲਵਾਰਸ ਲਾਸ਼ਾਂ ਨੂੰ ਉਜਾਗਰ ਕਰਦੀ ਹੈ, ਜਿਨ੍ਹਾਂ ਵਿੱਚੋਂ ਬਹੁਤੇ ਪੁਲਿਸ ਅਧਿਕਾਰੀਆਂ ਦੇ ਹੱਥਾਂ















# ਤਰਨਤਾਰਨ ਜ਼ਿਮਨੀ ਚੋਣ ਨਤੀਜੇ:ਕਾਂਗਰਸ ਤੇ ਭਾਜਪਾ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ

ਜਲੰਧਰ- ਪੰਥਕ ਆਖੀ ਜਾਂਦੀ ਸੀਟ ਤਰਨਤਾਰਨ ‘ਤੇ ਹੈਰਾਨ ਕਰ ਦੇਣ ਵਾਲੇ ਨਤੀਜੇ ਸਾਹਮਣੇ ਆਏ ਹਨ। ਇਸ ਸੀਟ ‘ਤੇ ਵੱਡੀ ਜਿੱਤ ਦਾ ਦਾਅਵਾ ਕਰਨ ਵਾਲੀ ਕਾਂਗਰਸ ਨੂੰ ਬੁਰੀ ਤਰ੍ਹਾਂ ਹਾਰ ਦਾ ਮੂੰਹ ਵੇਖਣਾ ਪਿਆ ਹੈ। ਆਲਮ ਇਹ ਹੈ ਕਿ ਕਾਂਗਰਸੀ ਉਮੀਦਵਾਰ ਦੀ ਜ਼ਮਾਨਤ ਵੀ ਜ਼ਬਤ ਹੋ ਗਈ ਹੈ। ਇਸ ਸੀਟ ‘ਤੇ ਜਿੱਥੇ ਆਮ ਆਦਮੀ ਪਾਰਟੀ ਦੇ ਹਰਮੀਤ ਸਿੰਘ ਸੰਧੂ ਵੱਡੇ ਲੀਡ ਨਾਲ ਜੇਤੂ ਰਹੇ ਹਨ, ਉਥੇ ਹੀ ਲੰਬੇ ਸਮੇਂ ਤੋਂ ਹਾਸ਼ੀਏ ‘ਤੇ ਚੱਲ ਰਿਹਾ ਅਕਾਲੀ ਦਲ ਵੀ ਟੱਕਰ ਵਿਚ ਨਜ਼ਰ ਆਇਆ ਹੈ। ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਦੂਜੇ ਨੰਬਰ ‘ਤੇ ਰਹੀ। ਹਰਮੀਤ ਸਿੰਘ ਸੰਧੂ ਨੂੰ 42,649 ਵੋਟਾਂ ਪਈਆਂ, ਜਦਕਿ ਸੁਖਵਿੰਦਰ ਕੌਰ ਨੂੰ 30558 ਵੋਟਾਂ ਪਈਆਂ।




ਕਾਂਗਰਸ ਦੀ ਗੱਲ ਕਰੀਏ ਤਾਂ ਕਾਂਗਰਸ ਅੰਮ੍ਰਿਤਪਾਲ ਸਿੰਘ ਦੀ ਪਾਰਟੀ ‘ਵਾਰਸ ਪੰਜਾਬ ਦੇ’ ਦੇ ਉਮੀਦਵਾਰ ਮਨਦੀਪ ਸਿੰਘ ਤੋਂ ਵੀ ਪਿੱਛੇ ਰਹਿ ਗਈ ਹੈ। ਮਨਦੀਪ ਸਿੰਘ ਨੂੰ 19620 ਅਤੇ ਕਾਂਗਰਸ ਦੇ ਉਮੀਦਵਾਰ ਕਰਨਬੀਰ ਸਿੰਘ ਬੁਰਜ 15078 ਵੋਟਾਂ ਹੀ ਹਾਸਲ ਕਰ ਸਕੇ ਹਨ। ਕਾਂਗਰਸ ਪਾਰਟੀ ਚੌਥੇ ਨੰਬਰ ‘ਤੇ ਰਹੀ। ਉਥੇ ਹੀ ਇਸ ਸੀਟ ‘ਤੇ ਜਿੱਤ ਦਾ ਦਾਅਵਾ ਕਰਨ ਵਾਲੀ ਭਾਜਪਾ ਦਾ ਹਾਲ ਇਸ ਤੋਂ ਵੀ ਮਾੜਾ ਰਿਹਾ। ਭਾਜਪਾ 10 ਹਜ਼ਾਰ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ। ਭਾਜਪਾ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ ਨੂੰ 6239 ਵੋਟਾਂ ਪਈਆਂ ਅਤੇ ਭਾਜਪਾ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੀ।

ਦੱਸ ਦੇਈਏ ਕਿ ਤਰਨਤਾਰਨ ਵਿਖੇ ਇੰਟਰਨੈਸ਼ਨਲ ਕਾਲਜ ਆਫ਼ ਨਰਸਿੰਗ ਵਿਚ ਬਣਾਏ ਕਾਊਂਟਿੰਗ ਸੈਂਟਰ ਵਿਚ ਕੁੱਲ੍ਹ 16 ਰਾਊਂਡਾਂ ਵਿਚ ਵੋਟਾਂ ਦੀ ਗਿਣਤੀ ਕੀਤੀ ਗਈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਸ਼ੁਰੂਆਤੀ ਤਿੰਨ ਗੇੜਾਂ ‘ਚ ਅਕਾਲੀ ਦਲ ਦੀ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਨੇ ਬੜਤ ਬਣਾਈ ਰੱਖੀ ਸੀ। ਇਸ ਦੇ ਬਾਅਦ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਨੇ ਲਗਾਤਾਰ ਲੀਡ ਬਣਾਈ ਅਤੇ ਰਵਾਇਤੀ ਪਾਰਟੀਆਂ ਨੂੰ ਪਛਾੜ ਕੇ ਵੱਡੀ ਜਿੱਤ ਹਾਸਲ ਕੀਤੀ।

ਤਰਨਤਾਰਨ ਵਿਚ 11 ਨਵੰਬਰ ਨੂੰ ਹੋਈ ਜ਼ਿਮਨੀ ਚੋਣ ਵਿਚ 60.95 ਫ਼ੀਸਦੀ ਵੋਟਿੰਗ ਦਰਜ ਕੀਤੀ ਗਈ। ਪਿਛਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਸੀਟ ‘ਤੇ 65.81% ਵੋਟਿੰਗ ਦਰਜ ਕੀਤੀ ਗਈ ਸੀ। ਪਿਛਲੀਆਂ ਚੋਣਾਂ ਵਿਚ ‘ਆਪ’ ਦੇ ਡਾ. ਕਸ਼ਮੀਰ ਸਿੰਘ ਸੋਹਲ ਨੇ ਚੋਣ ਜਿੱਤੀ ਸੀ ਅਤੇ ਉਨ੍ਹਾਂ ਦੀ ਮੌਤ ਨਾਲ ਇਹ ਸੀਟ ਖਾਲੀ ਹੋ ਗਈ ਸੀ।

---

ਰੰਗੇ ਹੋਏ ਸਨ।ਸੀਤਾ ਰਾਮ ਨੇ ਆਪਣੀ ਸਰਵਿਸ ਤੋਂ ਵੱਧ ਸਮਾਂ ਜੇਲ੍ਹਾਂ ਵਿੱਚ ਗੁਜ਼ਾਰਿਆ। 1995 ਵਿੱਚ ਪਹਿਲੀ ਵਾਰ ਜੇਲ੍ਹ ਗਿਆ, ਫਿਰ ਤਿਹਾੜ ਤੱਕ ਚੱਕਰ ਲੱਗੇ। ਉਹ ਪੰਜਾਬ ਦੀਆਂ ਜੇਲ੍ਹਾਂ ਵਿਚ ਰਿਹਾ। ਪਰਿਵਾਰ ਦਾ ਦੁੱਖ ਇਹ ਹੈ ਕਿ ਜਦੋਂ ਉਹ ਉੱਚ ਅਧਿਕਾਰੀਆਂ ਦੇ ਦਬਾਅ ਵਿੱਚ ਖੂਨ ਖਰਾਬਾ ਕਰ ਰਿਹਾ ਸੀ, ਤਾਂ ਸਭ ਨੇ ਤਾਰੀਫ਼ ਕੀਤੀ। ਪਰ ਜਦੋਂ ਉਹ ਫਸ ਗਿਆ, ਤਾਂ ਕਿਸੇ ਨੇ ਨਹੀਂ ਸਹਾਰਾ ਦਿੱਤਾ। ਉਸ ਦੀ ਪਤਨੀ ਨੇ ਕਿਹਾ, “ਉਹਨਾਂ ਨੂੰ ਬਚਾਉਣ ਲਈ ਅਸੀਂ ਸੁਪਰੀਮ ਕੋਰਟ ਤੱਕ ਗਏ, ਪਰ ਨਤੀਜਾ ਕੁਝ ਨਾ ਨਿਕਲਿਆ।

ਪੰਜਾਬ ਵਿੱਚ ਅਜੇ ਵੀ ਹਜ਼ਾਰਾਂ ਪੀੜਤ ਪਰਿਵਾਰ ਇਨਸਾਫ਼ ਲਈ ਲੜ ਰਹੇ ਹਨ। ਜਿਵੇਂ ਗੁਰਦੇਵ ਸਿੰਘ ਦੀ ਭੈਣ ਨੇ ਕਿਹਾ, “ਸੀਤਾ ਰਾਮ ਨੇ ਸਾਡੇ ਭਰਾ ਨੂੰ ਮਾਰ ਕੇ ਸਾਨੂੰ ਦੁਖ ਦਿੱਤਾ, ਪਰ ਅੱਜ ਉਹਨਾਂ ਨੂੰ ਰੱਬ ਨੇ ਨਿਆਂ ਦੇ ਦਿੱਤਾ। ਪਰ ਸਾਡਾ ਦੁੱਖ ਕੌਣ ਭਰੇ।

FIXMAN
GLASS REPAIR LTD
Auto
Residential
Commercial
“We Are The Clear Choice”
GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000



Mandeep Dhaliwal
www.fixmanglass.com Email:fixmanglass@gmail.com

SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਣੇ ਬਿਨਜਸ ਵਿੱਚ ਆਪਣੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

Punjab TRAVELS
Special offer!



ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।
ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5


SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਮੈਨੂੰ ਰੋਟੀ ਪੁੱਛਣ ਵਾਲਾ ਕੋਈ ਨਹੀਂ:ਪਰਿਵਾਰ ਨੇ ਛੱਡਿਆ ਸਾਥ:ਯੋਗਰਾਜ ਸਿੰਘ



ਚੰਡੀਗੜ੍ਹ:-ਸਾਬਕਾ ਭਾਰਤੀ ਆਲਰਾਊਂਡਰ ਯੁਵਰਾਜ ਸਿੰਘ ਦੇ ਪਿਤਾ ਯੋਗਰਾਜ ਸਿੰਘ ਆਪਣੇ ਸਪੱਸ਼ਟ ਬਿਆਨਾਂ ਲਈ ਜਾਣੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜ਼ਿੰਦਗੀ ਹੁਣ ਪੂਰੀ ਹੋ ਗਈ ਹੈ ਅਤੇ ਉਹ ਮਰਨ ਲਈ ਤਿਆਰ ਹਨ। ਦਰਅਸਲ, ਯੋਗਰਾਜ ਇੰਨੀਂ ਦਿਨੀਂ ਮੁਸ਼ਕਲ ਦੌਰ ਵਿੱਚੋਂ ਲੰਘ ਰਹੇ ਹਨ। ਹਾਲ ਹੀ ਵਿੱਚ ਵੀ ਇੱਕ ਇੰਟਰਵਿਊ ਦੌਰਾਨ ਯੋਗਰਾਜ ਸਿੰਘ ਬੋਲੇ ਸੀ ਕਿ ਉਹਨਾਂ ਦੇ ਹੰਕਾਰ ਨੇ ਉਹਨਾਂ ਦਾ ਪਰਿਵਾਰ ਉਹਨਾਂ ਤੋਂ ਖੋਹ ਲਿਆ। ਹੁਣ ਇੱਕ ਵਾਰ ਫਿਰ ਯੋਗਰਾਜ ਪਛਤਾਵਾ ਕਰਦੇ ਨਜ਼ਰ ਆ ਰਹੇ ਹਨ। ਵਿੰਟੇਜ ਸਟੂਡੀਓ ਨਾਲ ਇੱਕ ਇੰਟਰਵਿਊ ਵਿੱਚ, ਸਾਬਕਾ ਭਾਰਤੀ ਕ੍ਰਿਕਟਰ ਯੋਗਰਾਜ ਨੇ ਕਿਹਾ ਕਿ ਉਨ੍ਹਾਂ ਨੂੰ ਭੋਜਨ ਲਈ ਵੀ ਦੂਜਿਆਂ ‘ਤੇ ਨਿਰਭਰ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ, “ਮੈਂ ਸ਼ਾਮ ਨੂੰ ਇਕੱਲਾ ਹੁੰਦਾ ਹਾਂ, ਘਰ ਵਿੱਚ ਕੋਈ ਨਹੀਂ ਹੁੰਦਾ। ਮੈਂ ਭੋਜਨ ਲਈ ਅਜਨਬੀਆਂ ‘ਤੇ ਨਿਰਭਰ ਕਰਦਾ ਹਾਂ, ਕਦੇ ਇੱਕ, ਕਦੇ ਦੂਜਾ। ਹਾਲਾਂਕਿ, ਮੈਂ ਕਿਸੇ ਨੂੰ ਪਰੇਸ਼ਾਨ ਨਹੀਂ ਕਰਦਾ। ਜੇ ਮੈਨੂੰ ਭੁੱਖ ਲੱਗੀ ਹੋਵੇ, ਤਾਂ ਕੋਈ ਮੈਨੂੰ ਖਾਣਾ ਫੜਾ ਦਿੰਦਾ ਹੈ। ਮੇਰੇ ਘਰ ਵਿੱਚ ਨੌਕਰ ਅਤੇ ਰਸੋਈਏ ਹਨ; ਉਹ ਖਾਣਾ ਪਰੋਸਦੇ ਹਨ ਅਤੇ ਚਲੇ ਜਾਂਦੇ ਹਨ।



LANGLEY
BANQUET HALL



ਵਿਆਹ-ਸ਼ਾਦੀ, ਜਨਮ ਦਿਨ
ਜਾ ਹੋਰ ਕਿਸੇ ਵੀ ਖੁਸ਼ੀ ਦੇ
ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ
ਬੈਂਕੁਇਟ ਹਾਲ
ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ
ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ
ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।



Call:Davinder S. Grewal
604-537-9759
info@langleybanquethall.com
3227 264 St UNIT #6, Aldergrove, BC V4W 2X3



ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations

- Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

- Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"
Director, West coast
Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਨੀ D.HOM. (London), MD(AM), International
Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com


# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

19 ਨਵੰਬਰ ਦਿਨ ਬੁੱਧਵਾਰ ਹਰਪਾਲ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਹੋਵੇਗੀ।

21 ਨਵੰਬਰ ਦਿਨ ਸ਼ੁੱਕਰਵਾਰ ਸਮਰਾ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 23 ਨਵੰਬਰ ਦਿਨ ਐਤਵਾਰ ਨੂੰ ਸਵੇਰੇ ਭੋਗ ਪਾਏ ਜਾਣਗੇ।

22 ਨਵੰਬਰ ਦਿਨ ਸ਼ਨਿੱਚਰਵਾਰ ਗੁਰਬਿੰਦਰਜੀਤ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।


22 ਨਵੰਬਰ ਦਿਨ ਸ਼ਨਿੱਚਰਵਾਰ ਸ਼ਾਮ ਨੂੰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ:


1. ਕੁਲਤਾਰ ਸਿੰਘ ਬੇਦੀ ਪਰਿਵਾਰ 2. ਗੁਰਸ਼ਰਨ ਸਿੰਘ ਚੀਮਾ ਪਰਿਵਾਰ

23 ਨਵੰਬਰ ਦਿਨ ਐਤਵਾਰ ਸਰਬਜੀਤ ਸਿੰਘ ਸੰਘੇੜਾ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ।

ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।
ਗੁ. ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਿਖੇ
**ਗੁਰਬਾਣੀ ਸਿਮਰਨ**
ਹਰ ਐਤਵਾਰ
ਦੁਪਹਿਰ 1 ਤੋਂ 4 ਵਜੇ ਤੱਕ
ਹੁੰਦੇ ਹਨ, ਸਭ ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ






## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ


**ਕਥਾਵਾਚਕ**
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ
ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-440-4903
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

# ਦਿੱਲੀ ਨੇੜੇ ਟੈਕਸੀ ਡਰਾਈਵਰ ਦੀ ਮੱਦਦ ਨਾਲ਼ ਪ੍ਰਵਾਸੀ ਜੋੜੇ ਤੋਂ ਲੱਖਾਂ ਰੁਪਏ ਦੀ ਨਕਦੀ ਤੇ ਗਹਿਣੇ ਲੁੱਟੇ






ਨਵੀਂ ਦਿੱਲੀ-ਇੱਥੇ ਸ਼ੰਭੂ ਬਾਰਡਰ ਦੇ ਨੇੜੇ 10 ਨਵੰਬਰ ਨੂੰ, ਮੋਟਰ ਸਾਈਕਲ ਉੱਤੇ ਸਵਾਰ ਇਕ ਲੁਟੇਰੇ ਵੱਲੋਂ, ਟੈਕਸੀ ਡਰਾਈਵਰ ਨਾਲ਼ ਰਲ਼ ਕੇ, ਟੈਕਸੀ ਵਿਚ ਸਵਾਰ ਹੋ ਕੇ ਦਿੱਲੀ ਜਾ ਰਹੇ, ਇਕ ਪਰਵਾਸੀ ਜੋੜੇ ਤੋਂ ਤਕਰੀਬਨ ਬਾਰਾਂ ਲੱਖ ਰੁਪਏ ਦੀ ਦੇਸੀ-ਵਿਦੇਸ਼ੀ ਨਕਦੀ ਅਤੇ ਗਹਿਣੇ ਲੁੱਟ ਲਏ ਗਏ। ਇਹ ਜਾਣਕਾਰੀ, ਦੁਆਬੇ ਦੇ ਪਿੰਡ ਬਿਲਗਾ ਵਿਚ ਆਸਟਰੀਆ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਹੋਏ ਅਤੇ ਤੇ ਲੁੱਟੇ ਗਏ ਤਕਰੀਬਨ 65 ਸਾਲਾਂ ਦੇ ਵਿਅਕਤੀ ਰਾਮ ਲੁਭਾਇਆ ਨੇ ਫੋਨ ਰਾਹੀਂ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਥਾਣਾ ਸਵਰੂਪ ਨਗਰ, ਦਿੱਲੀ ਵਿਚ ਇਸ ਸਬੰਧੀ ਅੱਵਲ ਸੂਚਨਾ ਰਿਪੋਰਟ ਯਾਨੀ ਐੱਫ. ਆਈ. ਆਰ. ਦਰਜ ਕਰਾ ਦਿੱਤੀ ਹੈ ਤੇ ਟੈਕਸੀ ਅਤੇ ਡਰਾਈਵਰ ਦੀ ਤਸਵੀਰ ਤੇ ਉਸ ਦੇ ਪਛਾਣ ਪੱਤਰ ਦੀਆਂ ਕਾਪੀਆਂ ਪੁਲੀਸ ਨੂੰ ਦੇ ਦਿੱਤੀਆਂ ਹਨ, ਪਰ ਅੱਜ ਤਕ ਕੋਈ ਗ੍ਰਿਫਤਾਰੀ ਨਹੀਂ ਹੋਈ।ਲੁੱਟੇ ਗਏ ਮੁਸਾਫ਼ਰਾਂ ਦੇ ਦੱਸਣ ਅਨੁਸਾਰ, ਉਹ (ਰਾਮ ਲੁਭਾਇਆ) ਤੇ ਉਸ ਦੀ ਪਤਨੀ ਪ੍ਰਦੀਪ, ਵਾਰਦਾਤ ਵਾਲ਼ੇ ਦਿਨ, ਆਪਣੇ ਕਿਸੇ ਜਾਣਕਾਰ ਰਾਹੀਂ ਬੁੱਕ ਕਰਾਈ ਹੋਈ ਕਾਰ (ਨੰਬਰ ਪੀ ਬੀ ਜ਼ੀਰੋ 1 ਐੱਫ 1814) ਵਿਚ ਸਵਾਰ ਹੋ ਕੇ, ਦਿੱਲੀ ਵਿਚ ਆਪਣੇ ਰਿਸ਼ਤਦਾਰਾਂ ਨੂੰ ਮਿਲ਼ਣ ਜਾ ਰਹੇ ਸਨ ਕਿ ਡਰਾਈਵਰ ਸੰਜੀਵ ਘਈ ਨੇ ਸ਼ੰਭੂ ਬਾਰਡਰ ਨੇੜੇ ਆਪਣੀ ਮਰਜ਼ੀ ਦੇ ਕਿਸੇ ਢਾਬੇ ਉੱਤੇ ਗੱਡੀ ਰੋਕੀ ਤੇ ਉਨ੍ਹਾਂ ਨੂੰ ਰੋਟੀ ਖਾਣ ਲਈ ਕਿਹਾ। ਇਸ ਜੋੜੇ ਦੇ ਦੱਸਣ ਅਨੁਸਾਰ, ਉਨ੍ਹਾਂ ਨੇ ਡਰਾਈਵਰ ਨੂੰ ਕਿਹਾ ਕਿ ਉਨ੍ਹਾਂ ਨੂੰ ਕਾਰ ਵਿਚ ਪਿਆ ਲੇਡੀਜ਼ ਬੈਗ ਚਾਹੀਦਾ ਹੈ ਕਿਉਂ ਕਿ ਢਾਬੇ ਉੱਤੇ ਰੋਟੀ-ਪਾਣੀ ਦਾ ਬਿੱਲ ਦੇਣ ਲਈ ਪੈਸੇ ਤਾਂ ਉਸ ਬੈਗ ਵਿਚ ਹੀ ਹਨ। ਡਰਾਈਵਰ ਨੇ ਕਿਹਾ ਕਿ ਉਸ ਦੀ ਗੱਡੀ ਪੂਰੀ ਤਰ੍ਹਾਂ ਲੌਕਡ ਹੈ, ਜਿਸ ਕਰ ਕੇ, ਉਹ ਬੈਗ ਬਾਰੇ ਕੋਈ ਫ਼ਿਕਰ ਨਾ ਕਰਨ। ਉਹ ਰੋਟੀ ਖਾਣ ਲੱਗ ਪਏ ਤੇ ਡਰਾਈਵਰ ਉੱਥੋਂ ਉਰ੍ਹਾਂ-ਪਰ੍ਹਾਂ ਹੋ ਗਿਆ। ਸ਼ਾਇਦ ਉਸ ਦੌਰਾਨ, ਉਸ ਨੇ ਉਸ ਬੈਗ ਦੀ ਤਲਾਸ਼ੀ ਲੈ ਲਈ ਸੀ, ਜਿਸ ਵਿਚ ਤਿੰਨ ਜੋੜੇ ਸੋਨੇ ਦੀਆਂ ਵਾ਼ਲੀਆਂ, ਦੋ ਸੋਨੇ ਦੀਆਂ ਮੁੰਦੀਆਂ, ਦੋ ਵਿਦੇਸ਼ੀ ਗੁਟ-ਘੜੀਆਂ, ਇਕ ਹਜ਼ਾਰ ਪਾਊਂਡ, ਚਾਰ ਸੌ ਯੂਰੋ ਅਤੇ ਤੇਤੀ ਹਜ਼ਾਰ ਰੁਪਏ ਭਾਰਤੀ ਕਰੰਸੀ ਸੀ। ਇਸ ਤੋਂ ਇਲਾਵਾ ਉਸ ਬੈਗ ਵਿਚ, ਉਨ੍ਹਾਂ ਦੋਹਾਂ ਦੇ ਵਿਦੇਸ਼ੀ ਪਾਸਪੋਰਟ ਅਤੇ ਇਕ ਸੈੱਲ ਫੋਨ ਵੀ ਸੀ।ਉਹ, ਰੋਟੀ ਖਾ ਕੇ ਦੁਬਾਰਾ ਕਾਰ ਵਿਚ ਬੈਠ ਗਏ। ਰਾਮ ਲੁਭਾਇਆ, ਅੱਗੇ ਡਰਾਈਵਰ ਦੇ ਨਾ਼ਲ ਬੈਠ ਗਿਆ ਜਦੋਂ ਕਿ ਉਸ ਦੀ ਪਤਨੀ ਪ੍ਰਦੀਪ, ਪਿਛਲੀ ਸੀਟ ਉੱਤੇ ਰੱਖੇ ਹੋਏ ਲੇਡੀਜ਼ ਬੈਗ ਦੇ ਲਾਗੇ ਬੈਠ ਗਈ। ਢਾਬੇ ਤੋਂ ਚੱਲਣ ਮਗਰੋਂ ਡਰਾਈਵਰ ਸੰਜੀਵ ਨੇ ਕਾਰ ਦੀ ਰਫ਼ਤਾਰ ਮੱਧਮ ਹੀ ਰੱਖੀ। ਉਹ ਦਿੱ਼ਲੀ ਵੱਲ ਨੂੰ ਜਾ ਹੀ ਰਹੇ ਸਨ ਕਿ ਪਿੱਛਿਉਂ ਇਕ ਮੋਟਰ ਸਾਈਕਲ ਸਵਾਰ ਆਇਆ, ਜਿਸ ਨੇ ਕਾਰ ਦੇ ਬਰਾਬਰ ਜਾ ਕੇ ਕਾਰ ਦੇ ਟਾਇਰਾਂ ਵੱਲ ਇਸ਼ਾਰਾ ਕਰ ਕੇ ਕਾਰ ਰੋਕਣ ਲਈ ਕਿਹਾ। ਡਰਾਈਵਰ ਨੇ ਕਾਰ ਰੋਕ ਕੇ ਕਾਰ ਦੇ ਟਾਇਰ ਦੇਖੇ, ਜੋ ਬਿਲਕੁਲ ਸਹੀ ਸਨ। ਫਿਰ ਡਰਾਈਵਰ ਨੇ ਕਾਰ ਦਾ ਬੋਨੱਟ ਖੋਲ੍ਹ ਕੇ ਇੰਜਨ ਦੇਖਣਾ ਸ਼ੁਰੂ ਕਰ ਲਿਆ।ਖੁੱਲ੍ਹੇ ਬੋਨੱਟ ਨਾ਼ਲ ਕਾਰ ਨੂੰ ਹੋਏ ਉਹਲੇ ਜਿਹੇ ਵਿਚ, ਮੋਟਰ ਸਾਈਕਲ ਸਵਾਰ ਨੇ ਅਨਲ਼ੌਕ ਹੋਈ ਕਾਰ ਦੀ ਪਿਛਲੀ ਖਿੜਕੀ ਖੋਲ੍ਹੀ ਤੇ ਪਿਛਲੀ ਸੀਟ ਉੱਤੇ ਰੱਖਿਆ ਹੋਇਆ ਲੇਡੀਜ਼ ਬੈਗ ਖਿਸਕਾ ਲਿਆ।ਰਾਮ ਲੁਭਾਇਆ ਦੀ ਪਤਨੀ ਨੇ ਬੈਗ ਚੁੱਕੇ ਜਾਣ ਦੀ ਹਾਲ-ਦੁਹਾਈ ਪਾਈ, ਪਰ ਤਦ ਤਕ ਮੋਟਰ ਸਾਈਕਲ ਸਵਾਰ, ਜਿੱਧਰੋਂ ਆਇਆ ਸੀ, ਉੱਧਰ ਨੂੰ ਹੀ ਚਲਿਆ ਗਿਆ।ਡਰਾਈਵਰ ਨੇ ਬਹੁਤ ਹੀ ਡਰ ਗਏ ਇਸ ਜੋੜੇ ਦੀ ਹਾਲਤ ਦਾ ਫ਼ਾਇਦਾ ਉਠਾਉਂਦਿਆਂ, ਉਨ੍ਹਾਂ ਨੂੰ ਬਹੁਤੇ ਹੀ ਭੈਭੀਤ ਕਰ ਦਿੱਤਾ, ਜਿਸ ਕਰ ਸਹਿਮੇ ਹੋਏ ਇਨ੍ਹਾਂ ਦੋਹਾਂ ਸਰੀਰਾਂ ਨੂੰ ਕਿੰਨਾ ਹੀ ਚਿਰ ਹੋਸ਼ ਹੀ ਨਾ ਰਿਹਾ। ਉਹ ਅਜੇ ਉਸੇ ਹੀ ਹਾਲਤ ਵਿਚ ਸਨ ਕਿ ਉਹੀ ਮੋਟਰ ਸਾਈਕਲ ਸਵਾਰ ਮੁੜ ਆਇਆ ਤੇ ਉਹ ਬੈਗ, ਕਾਰ ਨੇੜੇ ਸੁੱਟ ਕੇ ਫਿਰ ਪਿੱਛੇ ਮੁੜ ਗਿਆ। ਉਨ੍ਹਾਂ ਨੇ ਦੇਖਿਆ ਕਿ ਬੈਗ ਵਿਚ ਉਨ੍ਹਾਂ ਦੇ ਵਿਦੇਸ਼ੀ ਪਾਸਪੋਰਟਾਂ ਅਤੇ ਇਕ ਸੈੱਲ ਫੋਨ ਤੋਂ ਇਲਾਵਾ ਕੁੱਝ ਵੀ ਨਹੀਂ ਸੀ। ਇਸ ਵਾਰ ਵੀ ਕਾਰ ਦੇ ਡਰਾਈਵਰ ਨੇ ਉਸ ਲੁਟੇਰੇ ਨੂੰ ਕੁੱਝ ਵੀ ਨਾ ਕਿਹਾ।ਰਾਮ ਲੁਭਾਇਆ ਕੈਂਸਰ ਦਾ ਮਰੀਜ਼ ਹੈ ਤੇ ਉਸ ਦਾ ਇਲਾਜ ਚੱਲ ਰਿਹਾ ਹੈ। ਉਸ ਦੀ ਪਤਨੀ ਪ੍ਰਦੀਪ ਦੀ ਇਕ ਬਾਂਹ ਵਿਚ ਸਰੀਆ ਪਾਇਆ ਹੈ। ਉਹ ਡਰਾਈਵਰ ਉਨ੍ਹਾਂ ਦੀਆਂ ਜਾਨਾਂ ਬਚ ਜਾਣ ਦੇ ਦਿਲਾਸੇ ਦਿੰਦਿਆਂ ਹੋਰ ਵੀ ਡਰਾਉਂਦਾ ਹੋਇਆ, ਦਿੱਲੀ ਵਿਚ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਘਰ ਉਤਾਰ ਕੇ ਚਲਿਆ ਗਿਆ। ਉਨ੍ਹਾਂ ਨੇ ਉੱਥੋਂ ਪੁਲੀਸ ਨੂੰ ਫੋਨ ਕਰ ਕੇ ਐੱਫ. ਆਈ. ਆਰ. ਦਰਜ ਕਰਾਈ। ਪੁਲਸ ਹਾਲੇ ਤਕ ਡਰਾਈਵਰ ਨੂੰ ਵੀ ਲੱਭ ਨਹੀਂ ਸਕੀ ਜਦੋਂ ਕਿ ਇਹ ਵਾਰਦਾਤ ਉਸ ਦੀ ਮਿਲੀ-ਭੁਗਤ ਨਾ਼ਲ ਹੀ ਹੋਈ ਜਾਪਦੀ ਹੈ।

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

TMG LOGISTICS INC.
Need Owner Operators
*Vancouver to California *California to Alberta Back Vancouver
*Vancouver to East USA Return
NOW HIRING
Good Paying Loads

Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

VELOCITY
TRUCK CENTRES

# DRIVE FORWARD WITH VELOCITY

## ਟਰੱਕ ਅਤੇ ਟਰੇਲਰਾਂ ਲਈ ਵੈਸਟਰਨ ਕਨੇਡਾ ਵਿਚ ਤੁਹਾਡਾ ਭਰੋਸੇਯੋਗ ਸਾਥੀ

ਸਾਡੀਆਂ ਮਾਹਰ ਟੀਮਾਂ ਅਤੇ ਪੂਰੀਆਂ ਸੇਵਾਵਾਂ ਦੀ ਰੇਂਜ ਨਾਲ
ਅਸੀਂ ਤੁਹਾਡੇ ਸਫਰ ਦੇ ਹਰ ਪੜਾਅ ਤੇ ਭਰੋਸੇਯੋਗ, ਪੂਰਨ ਸਹਾਇਤਾ ਪ੍ਰਦਾਨ ਕਰਦੇ ਹਾਂ

## ਨਵੇਂ ਅਤੇ ਯੂਜਡ ਟਰੱਕ, ਟਰੇਲਰ, ਬੱਸਾਂ




**TOTAL CUSTOMER SUPPORT**

- ਸੇਲਜ: ਨਵੇਂ ਅਤੇ ਵਰਤੇ ਹੋਏ ਟਰੱਕ, ਟ੍ਰੇਲਰ, ਬੱਸਾਂ
- ਸੇਵਾਵਾਂ: ਸਾਰੇ ਮੇਕ ਅਤੇ ਮਾਡਲ
- ਪਾਰਟਸ: ਪਾਰਟਸ ਅਤੇ ਆਫਟਰ ਮਾਰਕੀਟ
- *ਬਾਡੀਸ਼ਾਪ: ਪੂਰੀ-ਸੇਵਾ ਕੁਲੀਜਨ ਰਿਪੇਅਰ

LOCATIONS

*ਪਾਰਟਸ ਅਤੇ ਆਫਟਰ ਮਾਰਕੀਟ ਪਾਰਟਸ *ਹਰੇਕ ਮੇਕ ਅਤੇ ਮਾਡਲ *ਬਾਡੀਸ਼ਾਪ ਫੁੱਲ ਸਰਵਿਸ ਕੁਲੀਜਨ ਰਿਪੇਅਰ

## ਕਿਰਾਏ ਤੇ ਲੋੜ ਹੈ?



ਭਾਵੇਂ ਤੁਸੀਂ ਥੋੜ੍ਹੇ ਸਮੇਂ ਦੇ ਪਾੜੇ ਨੂੰ ਭਰ ਰਹੇ ਹੋ ਜਾਂ ਆਪਣੇ ਫਲੀਟ ਦਾ ਵਿਸਥਾਰ ਕਰ ਰਹੇ ਹੋ, ਵੇਲੋਸਿਟੀ ਟਰੱਕ ਰੈਂਟਲ ਅਤੇ ਲੀਜ਼ਿੰਗ ਤੁਹਾਡੇ ਕਾਰੋਬਾਰ ਨੂੰ ਚਲਦਾ ਰੱਖਣ ਲਈ ਤਿਆਰ ਕੀਤੇ ਗਏ ਅਨੁਕੂਲਿਤ ਕਿਰਾਏ ਅਤੇ ਲੀਜ਼ਿੰਗ ਵਿਕਲਪ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਪ੍ਰਦਾਨ ਕਰਦਾ ਹੈ।

ਕਮਰਸ਼ੀਅਲ ਟਰੱਕ ਰੈਂਟਲ ਫੁੱਲ ਸਰਵਿਸ ਲੀਜਿੰਗ ਫਲੀਟ ਮੈਨੇਜਮੈਂਟ ਸਰਵਿਸਿਜ

Learn More About Our Services
855-412-7431
VelocityTruckRentalAndLeasing.ca

VELOCITY
TRUCK RENTAL & LEASING
CANADA

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call:672-727-9560

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

ਸਤਿਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਪਾਠ ਬੋਧ ਸਮਾਗਮ ਚੱਲ ਰਿਹਾ ਹੈ, 25 ਨਵੰਬਰ ਸ਼ਾਮ 5 ਵਜੇ ਸਮਾਪਤੀ ਦੀ ਅਰਦਾਸ ਹੋਵੇਗੀ।

**ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਪੁਰਬ ਤੇ 22 ਨਵੰਬਰ ਦਿਨ ਸ਼ਨਿੱਚਰਵਾਰ ਸਵੇਰੇ 6 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 24 ਨਵੰਬਰ ਦਿਨ ਸੋਮਵਾਰ ਸਵੇਰੇ 9 ਵਜੇ ਭੋਗ ਪੈਣਗੇ। ਉਪਰੰਤ ਦੀਵਾਨ ਸਜਣਗੇ।**

*21 ਨਵੰਬਰ ਦਿਨ ਸ਼ੁੱਕਰਵਾਰ 6 ਪਰਿਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ:
(1)ਭਾਈ ਗੁਰਮੇਲ ਸਿੰਘ (2)ਭਾਈ ਹਰਪਾਲ ਸਿੰਘ ਜੀ (3)ਭਾਈ ਗੁਰਜੀਤ ਸਿੰਘ ਬਰਾੜ (4)ਭਾਈ ਰੂਪ ਸਿੰਘ ਜੀ
(5)ਭਾਈ ਹਰਸਿਮਰਨਜੀਤ ਸਿੰਘ (6)ਭਾਈ ਦਲਜੀਤ ਸਿੰਘ ਜੀ

*22 ਨਵੰਬਰ ਦਿਨ ਸ਼ਨਿੱਚਰਵਾਰ ਭੋਗ ਸਹਿਜ ਪਾਠ ਤੇ ਲੰਗਰ ਸੇਵਾ ਬਰਸੀ ਸੰਤ ਆਤਮਾ ਸਿੰਘ ਜੀ

*22 ਨਵੰਬਰ ਦਿਨ ਸ਼ਨਿੱਚਰਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰਾਂ ਦੀ ਸੇਵਾ ਹੋਵੇਗੀ:
(1)ਭਾਈ ਹੀਰਾ ਸਿੰਘ ਜੀ (2)ਬੀਬੀ ਨਵਦੀਪ ਕੌਰ

*22 ਨਵੰਬਰ ਦਿਨ ਸ਼ਨਿੱਚਰਵਾਰ ਫਿਊਨਰਲ 12 ਵਜੇ ਬੀਬੀ ਮਹਿੰਦਰ ਕੌਰ ਅੰਤਿਮ ਅਰਦਾਸ 2 ਵਜੇ ਹੋਵੇਗੀ

*23 ਨਵੰਬਰ ਦਿਨ ਐਤਵਾਰ 4 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਹੋਵੇਗੀ:
(1)ਭਾਈ. ਹਰਚਰਨ ਸਿੰਘ ਮਾਹਲ (2)ਬੀਬੀ ਗਿਆਨ. ਕੌਰ ਜੀ (3)ਬੀਬੀ ਨਿਰਮਲ ਕੌਰ(4)ਭਾਈ ਗੁਰਮੇਜ ਸਿੰਘ ਗਿੱਲ

*23 ਨਵੰਬਰ ਦਿਨ ਐਤਵਾਰ ਭੋਗ ਸਹਿਜ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਬੀਬੀ ਰਵਿੰਦਰ ਕੌਰ ਪਰਿਵਾਰ ਵੱਲੋਂ ਹੋਵੇਗੀ।

ਸਾਧ ਸੰਗਤ ਜੀ ਪੰਜਾਬ ਵਿੱਚ ਹੜਾਂ ਦੀ ਮਾਰ ਕਾਰਣ ਫਸਲਾਂ ਤੇ ਮਾਲ ਡੰਗਰ ਪਾਣੀ ਵਿੱਚ ਵਹਿ ਗਏ, ਘਰ ਢਹਿ ਗਏ, ਲੋਕ ਬੇਘਰ ਹੋ ਗਏ। ਹੜਾਂ ਦੀ ਮਾਰ ਵਿੱਚ ਆਏ ਲੋਕਾਂ ਦੀ ਸਹਾਇਤਾ ਲਈ ਵੱਧ ਤੋਂ ਵੱਧ ਆਪਣੀ ਕਿਰਤ ਵਿਚੋਂ ਮਾਇਆ ਰਾਹੀਂ ਸਹਿਯੋਗ ਪਾਓ।

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

"We accept CANADIAN DENTAL CARE PLAN for Dentures"

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

WE ARE DENTURISTS

CONSUMER CHOICE AWARD 2018 VANCOUVER

Business Category Denturist

ਅਸੀਂ ਜੁਬਾੜੇ ਬਣਾਉਂਦੇ ਹਾਂ

Get a Beautiful Smile





Chris Kozakiewicz
BSc., R.D.

Mon-Fri: 9am-5pm, Saturdays By Appointment

Scott 72 Shopping Centre

#209- 7313-120th St., Delta ( Above London Drugs & Staples )

604.590.1111



• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ

• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ

ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ

For your family.. healthy beautiful smiles!



ਸੇਵਾਵਾਂ :
- ਜਾੜ ਭਰਨੀ
- ਦੰਦ ਕੱਢਣੇ
- ਕਰਾਊਨ ਤੇ ਬ੍ਰਿਜ
- ਡਿਜੀਟਲ ਐਕਸਰੇ
- ਵਾਈਟ ਫਿਲਿੰਗਸ
- ਦੰਦਾਂ ਦੀ ਸਫਾਈ ਅਤੇ ਚੈੱਕਅੱਪ

SERVICES:
- Extractions
- White Fillings
- Root Canals
- Crown & Bridge
- Digital X-Rays
- Teeth Cleaning & Checkup

- All Major Insurance Plans Accepted
- Punjabi, Hindi, Urdu Spoken
- New Patients Welcome

Evening & Weekend Appointment Available

Practising For Over 10 Years

ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ

EVERSHINE DENTISTRY

# EVERSHINE FAMILY DENTISTRY

ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ






604.593.6515

#111 - 7130 120th Street, Surrey, BC

Near Guru Nanak Sikh Gurdwara
Ground Floor of Satnam Plaza

(FREE AMPLE PARKING)

Dr. Anjanpal Kaur Bhalla

www.evershinedental.ca

ਡਾ. ਅੰਜਨਪਾਲ ਕੌਰ ਭੱਲਾ



Discover the Real Punjabi Tadka

Chawla's² SINCE 1960

The Famous Taste of Punjab

Veg & Non Veg

# NOW OPEN

IN SURREY




ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ

Ph:778-637-0006

#107-8363 -128St, Surrey Hours:Wednesday to Monday 10AM to 12 AM Closed:Tuesday

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

19 ਨਵੰਬਰ ਦਿਨ ਬੁੱਧਵਾਰ ਸਵੇਰੇ 11.30 ਵਜੇ ਬੱਲ ਪਰਿਵਾਰ ਵੱਲੋਂ ਹੈਨਰਿਕ ਬੱਲ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਅੰਤਿਮ ਅਰਦਾਸ ਹੋਵੇਗੀ।

22 ਨਵੰਬਰ ਦਿਨ ਸ਼ਨੀਵਾਰ ਬਲਜੀਤ ਕੌਰ ਸਿੱਧੂ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

23 ਨਵੰਬਰ ਦਿਨ ਐਤਵਾਰ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।

28 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਗੁਰਪ੍ਰੀਤ ਸਿੰਘ ਸਰਾਏ ਪਰਿਵਾਰ ਵੱਲੋਂ ਆਨੰਦ ਕਾਰਜ ਦੀ ਰਸਮ ਹੋਵੇਗੀ।

29 ਨਵੰਬਰ ਦਿਨ ਸ਼ਨੀਵਾਰ ਸਵੇਰੇ 10 ਵਜੇ ਗੁਰਜੀਤ ਸਿੰਘ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਠ ਉਪਰੰਤ ਗੁਰਬਾਣੀ ਕੀਰਤਨ ਕਥਾ ਵਿਚਾਰ ਤੇ ਲੰਗਰਾਂ ਦੀ ਸੇਵਾ ਪਰਿਵਾਰ ਵੱਲੋ ਹੋਵੇਗੀ।

**ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥੧੩॥**
**ਐਸੇ ਦੀਨ ਦਿਆਲ ਹਿੰਦ ਦੀ ਚਾਦਰ ਧੰਨ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਦੇ ਸਬੰਧ ਵਿੱਚ**

**ਸਮੂਹ ਸੰਗਤਾਂ ਤੇ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ 28 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ 30 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਸਬੰਧ ਵਿੱਚ ਗੁਰਮਤਿ ਸਮਾਗਮ ਤੇ ਕਥਾ ਵਿਚਾਰ ਸਮਾਗਮ ਹੋਣਗੇ।**

7 ਦਸੰਬਰ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ। ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਵਿਚ 7 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਗਈਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

**ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ**

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ    ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ    ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

## ਗੁਰਦੁਆਰਾ ਸਾਹਿਬ ਦਾ ਫੋਨ:604-274-7479

Email:iccc8600@gmail.com

# ਵਿਰਸੇ ਨੂੰ ਭੁੱਲਣਾ, ਵੱਡੀ ਗਲਤੀ...



ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਿੱਖਾਂ ਦਾ ਰਾਜ ਸੀ ਅਤੇ ਇਹ ਰਾਜ, ਸਿੱਖਾਂ ਵੱਲੋਂ ਛੋਟੇ ਵੱਡੇ ਘੱਲੂਘਾਰਿਆਂ 'ਚ ਦਿੱਤੀ ਅਥਾਹ ਕੁਰਬਾਨੀ 'ਚੋਂ ਪੈਦਾ ਹੋਇਆ ਸੀ। ਉਸ ਰਾਜ ਨੂੰ ਬੁੱਕਲ ਦੇ ਸੱਪਾਂ ਨੇ ਫਿਰੰਗੀਆਂ ਹੱਥ ਵੇਚ ਦਿੱਤਾ ਅਤੇ ਉਸਤੋਂ ਬਾਅਦ ਹਰ ਹਾਕਮ ਧਿਰ ਨੇ ਸਿੱਖਾਂ 'ਚੋਂ ਸਿੱਖ ਰਾਜ ਦਾ ਸੰਕਲਪ ਮਨਫ਼ੀ ਕਰਨ ਲਈ ਹਰ ਹੱਥਕੰਡਾ ਵਰਤਿਆ, ਜਿਹੜਾ ਨਿਰੰਤਰ ਅੱਜ ਤੱਕ ਜਾਰੀ ਹੈ। ਸਿੱਖਾਂ ਨੂੰ ਸਿੱਖੀ ਵਿਰਸੇ ਨਾਲੋਂ ਤੋੜਨ ਲਈ, ਸਿੱਖੀ ਸਿਧਾਂਤਾਂ ਬਾਰੇ ਭੰਬਲਭੂਸਾ ਪੈਦਾ ਕਰਕੇ, ਸਿੱਖ ਪ੍ਰੰਪਰਾਵਾਂ ਤੇ ਮਰਿਆਦਾ ਨੂੰ ਪੁੱਠਾ ਗੇੜ ਦੇਣ ਦਾ ਯਤਨ, ਇਨ੍ਹਾਂ ਸ਼ਕਤੀਆਂ ਵੱਲੋਂ ਨਿਰੰਤਰ ਜਾਰੀ ਹੈ। ਸਿੱਖੀ ਵਿਰਸੇ ਤੇ ਸਿੱਖ ਇਤਿਹਾਸ ਨਾਲ ਜੁੜੀਆਂ ਸਿੱਖ ਰਾਜ ਦੀਆਂ ਨਿਸ਼ਾਨੀਆਂ ਤੇ ਯਾਦਾਂ ਨੂੰ ਸਿੱਖਾਂ ਦੀ ਸਦੀਵੀ ਯਾਦ 'ਚ ਮਿਟਾਉਣ ਲਈ ਇੱਕ ਡੂੰਘੀ ਸਾਜਿਸ ਰਚੀ ਗਈ ਅਤੇ ਉਸਨੂੰ ਸਿਰੇ ਚੜ੍ਹਾਉਣ ਦੇ ਭਰਪੂਰ ਉਪਰਾਲੇ ਹੋ ਰਹੇ ਹਨ, ਜਿਸ 'ਚ ਸਿੱਖਾਂ ਦੇ ਠੇਕੇਦਾਰ' ਵੀ ਸ਼ਾਮਲ ਹਨ। ਬਾਦਲ ਦਲ ਜਿਹੜਾ ਆਪਣੇ ਆਪ 'ਤੇ ਪੰਥਕ ਹੋਣ ਦਾ ਟੈਗ ਲਾ ਕੇ ਬਾਰ-ਬਾਰ ਸੱਤਾ ਵਿੱਚ ਆਇਆ ਤੇ ਹਮੇਸ਼ਾਂ ਸਿੱਖੀ ਸਿਧਾਂਤਾਂ, ਸਿੱਖ ਨੌਜਵਾਨਾਂ ਦਾ ਘਾਣ ਕੀਤਾ। ਇਸੇ ਬਾਦਲ ਦਲ ਨੇ 1997 'ਚ ਮਹਾਰਾਜਾ ਰਣਜੀਤ ਸਿੰਘ ਵਰਗੇ ਰਾਜ ਦਾ ਨਾਅਰਾ ਦੇ ਕੇ, ਸਿੱਖ ਭਾਵਨਾਵਾਂ ਨੂੰ "ਕੈਸ਼" ਕੀਤਾ, ਪ੍ਰੰਤੂ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਤਾਂ ਦੂਰ ਉਸ ਰਾਜ ਦੀਆਂ ਉਹ ਨਿਸ਼ਾਨੀਆਂ ਜਿਹੜੀਆਂ ਫਰੰਗੀਆਂ ਪਾਸ ਪਈਆਂ ਹਨ, ਉਨ੍ਹਾਂ ਦੀ ਵਾਪਸੀ

ਲਈ ਕੋਈ ਯਤਨ ਤੱਕ ਨਹੀਂ ਕੀਤਾ। ਫਿਰ 2015 ਵਿੱਚ ਮਹਾਰਜਾ ਰਣਜੀਤ ਸਿੰਘ, ਉਸਦੇ ਵਾਰਸ ਮਹਾਰਾਜਾ ਦਲੀਪ ਸਿੰਘ ਤੇ ਸਿੱਖ ਰਾਜ ਨਾਲ ਸਬੰਧਿਤ ਨਿਸ਼ਾਨੀਆਂ ਦੀ ਨਿਲਾਮੀ ਹੋਈ ਹੈ, ਜਿਸ ਮਹਾਂਬਲੀ ਨੂੰ ਦੁਨੀਆ ਸਿੱਖਾਂ ਦੇ ਮਹਾਰਾਜੇ ਵਜੋਂ ਜਾਣਦੀ ਹੈ, ਉਸ ਨਾਲ ਜੁੜੀਆਂ ਵਸਤੂਆਂ ਦੀਆਂ ਨਿਸ਼ਾਨੀਆਂ ਬੋਲੀ ਲਾ ਕੇ ਵੇਚੀਆਂ ਗਈਆਂ, ਉਹ ਵੀ ਉਦੋਂ ਜਦੋਂ ਪੰਜਾਬ 'ਚ ਉਸੇ ਧਿਰ ਦਾ ਰਾਜ ਸੀ, ਜਿਹੜੀ ਧਿਰ ਮਹਾਰਾਜਾ ਰਣਜੀਤ ਸਿੰਘ ਦਾ ਵਾਰਸ ਹੋਣ ਦਾ ਦਾਅਵਾ ਕਰਕੇ, ਸੱਤਾ ਦਾ ਸੁੱਖ ਮਾਣ ਰਹੀ ਸੀ। ਕੀ ਬਾਦਲ ਸਰਕਾਰ ਜਾਂ ਅੱਜ ਜਿਹੜੀਆਂ ਸਰਕਾਰਾਂ ਸੱਤਾ ਦਾ ਨਿੱਘ ਮਾਣ ਰਹੀਆਂ ਹਨ ਜਿਨ੍ਹਾਂ ਦੇ ਜਿਆਦਾ ਚਿਹਰੇ ਸਿੱਖਾਂ ਦੇ ਮੁੰਡੇ ਹੀ ਹਨ, ਉਨ੍ਹਾਂ ਦਾ ਆਪਣੇ ਵਿਰਸੇ ਅਤੇ ਕੌਮ ਦੀ ਅਮਾਨਤ ਨੂੰ ਸਾਂਭਣਾ ਫਰਜ਼ ਨਹੀਂ ਸੀ ? ਲੱਚਰਤਾ ਪਰੋਸਣ ਲਈ ਜਾਂ ਫਿਰ ਫੋਕੀ ਇਸ਼ਤਿਹਾਰਬਾਜ਼ੀ ਲਈ ਜਿਹੜੀ ਸਰਕਾਰ ਕਰੋੜਾਂ ਰੁਪਏ ਖ਼ਰਚ ਸਕਦੀ ਹੈ, ਕੀ ਉਹ ਸਰਕਾਰ ਆਪਣੇ ਵਿਰਸੇ ਤੇ ਕੌਮ ਦੀ ਅਮਾਨਤ ਨੂੰ ਜਿਹੜੀ ਅੱਜ ਤੱਕ ਗੈਰਾਂ ਦੇ ਕਬਜ਼ੇ 'ਚ ਹੈ, ਵਾਪਸ ਨਹੀਂ ਲਿਆ ਸਕਦੀ ਸੀ ? ਬਾਲਾ ਪ੍ਰੀਤਮ ਗੁਰੂ ਹਰਕ੍ਰਿਸ਼ਨ ਸਾਹਿਬ ਦੀ ਡਰਾਇੰਗ, ਦਸਮੇਸ਼ ਪਿਤਾ ਦਾ ਪੈਨ ਤੇ ਸਿਆਹੀ ਵਾਲੇ ਸਕੈਚ ਤੋਂ ਇਲਾਵਾ ਸਿੱਖਾਂ ਦੇ ਰਾਜ ਨਾਲ ਦੀ ਜਿਊਂਦੀ ਜਾਗਦੀ ਪ੍ਰਤੀਕ ਉਸ ਸਮੇਂ ਦੇ ਰਾਜ ਦੀ ਸੁਨਿਹਰੀ ਮੋਹਰ ਵੀ ਸ਼ਾਮਲ ਹੈ, ਸਿੱਖ ਵਿਰਾਸਤ ਦੀਆਂ ਉਹ ਕੀਮਤੀ ਨਿਸ਼ਾਨੀਆਂ ਹਨ, ਜਿਨ੍ਹਾਂ ਦੀ ਕੌਮ ਦੇ ਸਵੈਮਾਣ ਲਈ ਵੱਡੀ ਲੋੜ ਹੈ। ਕਿਸੇ ਗੈਰ ਸਿੱਖ ਧਨਾਢ ਦੇ ਅਜਾਇਬ ਘਰ 'ਚ ਇਹ ਨਿਸ਼ਾਨੀਆਂ ਸਿਰਫ਼ ਸਿੱਖਾਂ ਦੀ ਗੁਲਾਮੀ ਦੀ ਦੁਹਾਈ ਹੀ ਦੇ ਸਕਦੀਆਂ ਹਨ, ਜਦੋਂਕਿ ਕੌਮ ਦੇ ਯਾਦਗਾਰੀ ਖਜ਼ਾਨੇ 'ਚ ਇਹ ਸਜ਼ਾ ਦੇਣਗੀਆਂ। ਵਿਰਸੇ ਨੂੰ ਭੁੱਲ ਜਾਣ ਵਾਲੀ ਕੌਮ ਨੂੰ ਸਮਾਂ ਤੇ ਇਤਿਹਾਸ ਦੋਵੇਂ ਆਖ਼ਰ ਭੁੱਲ ਜਾਂਦੇ ਹਨ। ਇਸ ਲਈ ਜੇ ਸਾਡੀ ਕੌਮ ਦੇ ਆਗੂ ਆਪਣੇ ਵਿਰਸੇ ਪ੍ਰਤੀ ਜਾਣਬੁੱਝ ਕੇ ਗ਼ਫਲਤ ਦੀ ਨੀਂਦ ਸੌਂ ਗਏ ਹਨ ਤਾਂ ਇਸ ਦਾ ਸਾਫ਼ ਅਰਥ ਇਹੋ ਹੈ ਕਿ ਵਿਰੋਧੀ ਸ਼ਕਤੀਆਂ ਵੱਲੋਂ ਸਿੱਖੀ ਦੀ ਹੋਂਦ ਨੂੰ ਖ਼ਤਮ ਕਰਨ ਦੀ ਸਾਜ਼ਿਸ ਦਾ ਉਹ ਖ਼ੁਦ ਹਥਿਆਰ ਬਣ ਚੁੱਕੇ ਹਨ ਤੇ ਜਾਣਬੁੱਝ ਕੇ ਸਭ ਕੁੱਝ ਦਿਖਦਾ-ਸੁਣਦਾ ਹੋਣ ਦੇ ਬਾਵਜੂਦ ਵੀ ਮੂਕ ਦਰਸ਼ਕ ਬਣੇ ਬੈਠੇ ਹਨ। ਗੁਰੂ ਸਾਹਿਬਾਨ ਸਮੇਂ ਦੀਆਂ ਉਹ ਅਦਭੁੱਤ ਨਿਸ਼ਾਨੀਆਂ ਜਿਹੜੀਆਂ ਸਿੱਖੀ ਦ੍ਰਿੜ੍ਹਤਾ, ਨਿਡੰਰਤਾ ਤੇ ਕੁਰਬਾਨੀ ਦੀ ਗਾਥਾ ਬੋਲਦੀਆਂ ਸਨ, ਉਨ੍ਹਾਂ ਨੂੰ ਕਾਰ ਸੇਵਾ ਵਾਲੇ ਬਾਬਿਆਂ ਰਾਹੀਂ ਮੇਟ ਦਿੱਤਾ ਗਿਆ ਹੈ। ਸਿੱਖ ਇਤਿਹਾਸ ਨਾਲ ਆਏ ਦਿਨ ਖਿਲਵਾੜ ਕੀਤਾ ਜਾ ਰਿਹਾ ਹੈ, ਇੱਥੋਂ ਤੱਕ ਕਿ ਗੁਰਬਾਣੀ, ਜਿਹੜੀ ਧੁਰ ਕੀ ਬਾਣੀ' ਹੈ, ਉਸ ਨਾਲ 'ਚ ਵੀ ਮਿਲਾਵਟ ਕਰਨ ਦੇ ਕੋਝੇ ਯਤਨ ਹੋ ਰਹੇ ਹਨ, ਬਾਰ-ਬਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵੀ ਸਿੱਖਾਂ ਦੀ ਪਾਵਨ ਸ਼ਰਧਾ ਨੂੰ ਖੋਰਾ ਲਾਉਣਾ ਦੇ ਹੀ ਯਤਨ ਹਨ। ਸਿੱਖੀ ਸਰੂਪ ਨੂੰ ਤਾਂ ਢਾਹ ਲੱਗ ਹੀ ਚੁੱਕੀ ਹੈ, ਅਜਿਹੇ ਸਮੇਂ ਜੇ ਅਸੀਂ ਆਪਣੇ ਵਿਰਸੇ ਤੋਂ ਪੂਰੀ ਤਰਾਂ ਔਖਾਂ ਬੰਦ ਕਰ ਲਈਆਂ, ਫਿਰ ਚੋਰਾਂ ਨੂੰ ਘਰ ਲੁੱਟਣ ਦੀ ਖੁੱਲ੍ਹੀ ਛੋਟ ਮਿਲ ਜਾਵੇਗੀ ਅਤੇ ਅਸੀਂ ਆਪਣੇ ਅਮੀਰ ਵਿਰਸੇ ਤੋਂ ਪੂਰੀ ਤਰ੍ਹਾਂ ਕੰਗਾਲ ਹੋ ਜਾਵਾਂਗੇ। ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ, ਸਿੱਖ ਰਾਜ ਦੇ ਸੰਕਲਪ ਨੂੰ ਸਦੀਵੀ ਜਿਊਂਦਾ ਰੱਖਣ ਦੇ ਸਾਧਨ ਹਨ, ਇਸ ਲਈ ਕੌਮ ਦਾ ਉਨ੍ਹਾਂ ਦੀ ਯਾਦ ਪ੍ਰਤੀ ਇਕ ਫਰਜ਼ ਬਣਦਾ ਹੈ, ਪ੍ਰੰਤੂ ਅੱਜ ਦੇ ਆਗੂ ਆਪਣੇ ਸਿਆਸੀ ਸੁਆਰਥ ਲਈ ਤਾਂ ਸਿੱਖ ਮੁੱਦਿਆਂ ਨੂੰ ਵਰਤ ਲੈਂਦੇ ਹਨ, ਪ੍ਰੰਤੂ ਅਸਲ ਮੁੱਦਿਆਂ ਨੂੰ ਉਹ ਜਾਣਬੁੱਝ ਕੇ ਭੁੱਲ ਚੁੱਕੇ ਹਨ ਅਤੇ ਉਨ੍ਹਾਂ ਦੀ ਸੋਚ ਸਿਰਫ਼ ਸੱਤਾ ਪ੍ਰਾਪਤੀ ਤੱਕ ਹੀ ਸੀਮਤ ਰਹਿ ਗਈ ਹੈ ਅਤੇ ਉਹ ਸੱਤਾ ਦੀ ਲਾਲਸਾ 'ਚ ਦੀਨ-ਇਮਾਨ, ਧਰਮ ਸਭ ਕੁਝ ਵੇਚਣ ਲਈ ਤਿਆਰ ਹਨ। ਇਹੋ ਕਾਰਣ ਹੈ ਕਿ ਸਿੱਖ ਰਾਜ ਦੀਆਂ ਨਿਸ਼ਾਨੀਆਂ ਕਦੇ ਲੁੱਟੀਆਂ ਗਈਆਂ ਤੇ ਕਦੇ ਸ਼ਰੇਬਜਾਰ ਨਿਲਾਮ ਹੋਈਆਂ, ਪ੍ਰੰਤੂ ਸਾਨੂੰ ਨਾ ਤਾਂ ਯਾਦ ਆਈ ਅਤੇ ਨਾ ਹੀ ਸ਼ਰਮ। ਅਸੀਂ ਸਮਝਦੇ ਹਾਂ ਕਿ ਕੌਮ ਵੀ ਆਪਣੇ ਵਿਰਸੇ ਤੋਂ ਮੂੰਹ ਮੋੜ ਬੈਠੀ ਜਾਪਦੀ ਹੈ, ਇਸ ਲਈ ਕਿਸੇ ਪਾਸੇ ਤੋਂ ਵੀ ਇਨ੍ਹਾਂ ਨਿਸ਼ਾਨੀਆਂ ਦੀ ਘਰ ਵਾਪਸੀ ਲਈ ਸਰਕਾਰਾਂ ਨੂੰ ਜਗਾਉਣ ਦਾ ਯਤਨ ਨਹੀਂ ਹੋਇਆ। ਅੱਜ ਲੋੜ ਹੈ ਕਿ ਕੌਮੀ ਸਵੈਮਾਣ ਦੀ ਵਾਪਸੀ ਲਈ ਕੌਮ ਦੇ ਵਿਰਸੇ ਤੇ ਇਤਿਹਾਸ ਦੀ ਸਾਂਭ-ਸੰਭਾਲ ਅਤੇ ਉਸਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਵੱਲ ਗੰਭੀਰਤਾ ਵਿਖਾਈ ਜਾਵੇ ਅਤੇ ਹਰ ਸਿੱਖ, ਇਸ ਸਬੰਧੀ ਆਪੋ-ਆਪਣਾ ਬਣਦਾ ਯੋਗਦਾਨ ਪਾਵੇ, ਨਹੀਂ ਤਾਂ ਫਿਰ ਸਮੁੱਚੀ ਕੌਮ ਹੀ ਦੋਸ਼ੀਆਂ ਦੀ ਕਤਾਰ 'ਚ ਖੜ੍ਹੀ ਹੋਵੇਗੀ। -ਰਿਸ਼ਬਦੀਪ ਸਿੰਘ ਹੇਰਾਂ

# 51000 ਹਜ਼ਾਰ ਕੈਨੇਡੀਅਨ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ ਦੇ ਸਾਲ 2025 ਲਈ ਜੇਤੂ ਅਤੇ ਫਾਈਨਲਿਸਟ ਪੁਸਤਕਾਂ ਦਾ ਐਲਾਨ




ਵੈਨਕੂਵਰ (ਬੀ.ਸੀ)- ਪੰਜਾਬੀ ਗਲਪ ਲਈ ਵਿਸ਼ਵ ਦੇ ਪ੍ਰਸਿੱਧ ਸਾਹਿਤਕ ਢਾਹਾਂ ਸਾਹਿਤ ਇਨਾਮ ਨੇ ਆਪਣੇ 12ਵੇਂ ਜੇਤੂ ਨਾਵਲਕਾਰ ਸ੍ਰੀ ਬਲਬੀਰ ਪਰਵਾਨਾ (ਜਲੰਧਰ ) ਨੂੰ ਉਹਨਾਂ ਦੇ ਗੁਰਮੁਖੀ ਲਿਪੀ ਵਿਚ ਲਿਖੇ ਨਾਵਲ 'ਰੌਲਿਆਂ ਵੇਲੇ' ਲਈ 25,000 ਕੈਨੇਡੀਅਨ ਡਾਲਰ ਦੇ ਪੁਰਸਕਾਰ ਨਾਲ ਸਰੀ, ਬੀ.ਸੀ. ਵਿੱਚ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਵਿਖੇ ਹੋਏ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ। ਜਦ ਕਿ ਦੋ ਫਾਈਨਲਿਸਟਾਂ ਸ੍ਰੀ ਮੁਦੱਸਰ ਬਸ਼ੀਰ (ਲਾਹੌਰ) ਨੂੰ ਸ਼ਾਹਮੁਖੀ ਲਿਪੀ ਵਿਚ ਲਿਖੇ ਨਾਵਲ ਗੋਇਲ ਅਤੇ ਸ੍ਰੀ ਭਗਵੰਤ ਰਸੂਲਪੁਰੀ (ਜਲੰਧਰ) ਨੂੰ ਉਸ ਦੇ ਗੁਰਮੁਖੀ ਵਿਚ ਲਿਖੇ ਲਘੂ ਕਹਾਣੀ ਸੰਗ੍ਰਹਿ ਡਲਿਵਰੀ ਮੈਨ ਲਈ 10-10 ਹਜ਼ਾਰ ਕੈਨੇਡੀਅਨ ਡਾਲਰ ਦੇ ਇਨਾਮ ਨਾਲ ਸਨਮਾਨ ਕੀਤਾ ਗਿਆ। ਤਿੰਨਾਂ ਇਨਾਮ ਜੇਤੂਆਂ ਨੂੰ ਹੱਥਾਂ ਨਾਲ ਤਿਆਰ ਕੀਤੇ ਵਿਸ਼ੇਸ਼ ਸਨਮਾਨ ਚਿੰਨ੍ਹਾਂ ਨਾਲ ਇਹ ਇਨਾਮ ਭੇਟ ਕੀਤੇ ਗਏ। ਇਸ ਮੌਕੇ ਇਹਨਾਂ ਤਿੰਨਾਂ ਪੁਸਤਕਾਂ ਦੇ ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਲਿਪੀਅੰਤਰਨ ਲਈ 6,000 ਕੈਨੇਡੀਅਨ ਡਾਲਰ ਦਾ ਇਨਾਮ ਪ੍ਰਦਾਨ ਕੀਤਾ ਗਿਆ। ਇਸ ਮੌਕੇ ਬੀ.ਸੀ. ਪੁਰਸਕਾਰ ਜੇਤੂ ਲੇਖਕ ਗੁਰਜਿੰਦਰ ਬਸਰਾਨ ਨੇ ਮੁੱਖ ਭਾਸ਼ਣ ਦੌਰਾਨ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ, ਢਾਹਾਂ ਸਾਹਿਤ ਇਨਾਮ ਦੇ ਤਿੰਨਾਂ ਜੇਤੂਆਂ ਨੂੰ ਹਾਰਦਿਕ ਵਧਾਈ ਦਿੱਤੀ । ਉਹਨਾਂ ਨੇ ਢਾਹਾਂ ਸਾਹਿਤ ਇਨਾਮ ਵੱਲੋ ਮਾਂ ਬੋਲੀ ਪੰਜਾਬੀ ਦੇ ਸਮੁੱਚੀ ਦੁਨੀਆਂ ਵਿਚ ਪ੍ਰਚਾਰ ਅਤੇ ਪਸਾਰ ਲਈ ਕੀਤੇ ਜਾ ਰਹੇ ਉੱਦਮਾਂ ਦੀ ਭਾਰੀ ਸ਼ਲਾਘਾ ਕੀਤੀ। ਸਮਾਰੋਹ ਵਿਚ ਇਨਾਮ ਦੇ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਸਾਡਾ ਮਿਸ਼ਨ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਉੱਚਾ ਚੁੱਕਣਾ ਹੈ। ਅਸੀਂ ਸਾਹਿਤ ਰਾਹੀਂ ਦੋਵਾਂ ਪੰਜਾਬਾਂ ਵਿਚ ਵੀ ਸਾਂਝਾਂ ਦਾ ਪੁਲ ਬਣਾਉਣ ਲਈ ਯਤਨਸ਼ੀਲ ਹਾਂ। ਇਸ ਮੌਕੇ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੇ ਪ੍ਰਧਾਨ, ਸੈਨੇਟਰ ਸ. ਬਲਤੇਜ ਸਿੰਘ ਢਿੱਲੋਂ ਨੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਯਮਲਾ ਜੱਟ ਦੇ ਪੋਤੇ ਵਿਜੇ ਯਮਲਾ ਵੱਲੋਂ ਮਨਮੋਹਕ ਸੰਗੀਤਕ ਪੇਸ਼ਕਾਰੀ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ। ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿੱਚ ਢਾਹਾਂ ਪਰਿਵਾਰ ਵੱਲੋਂ ਸਾਲ 2013 'ਚ ਸਥਾਪਿਤ ਕੀਤਾ ਗਿਆ ਸੀ। ਇਸ ਖਿੱਤੇ ਵਿੱਚ ਪੰਜਾਬੀ ਲੋਕਾਂ, ਭਾਸ਼ਾ ਅਤੇ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ।

ਵਰਨਣਯੋਗ ਹੈ ਕਿ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਢਾਹਾਂ ਦੇ ਜੰਮਪਲ ਅਤੇ ਬੀ.ਸੀ. ਕੈਨੇਡਾ ਦੇ ਨਿਵਾਸੀ ਬਰਜਿੰਦਰ ਸਿੰਘ ਢਾਹਾਂ, ਬੀਬੀ ਕਸ਼ਮੀਰ ਕੌਰ ਢਾਹਾਂ ਅਤੇ ਪ੍ਰਸਿੱਧ ਸਮਾਜ ਸੇਵਕ ਸਵ: ਬਾਬਾ ਬੁੱਧ ਸਿੰਘ ਢਾਹਾਂ ਬਾਨੀ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਹੋਣਹਾਰ ਸਪੁੱਤਰ ਅਤੇ ਇਸ ਟਰੱਸਟ ਦੇ ਮੌਜੂਦਾ ਮੀਤ ਪ੍ਰਧਾਨ ਵੀ ਹਨ । ਉਹਨਾਂ ਦੇ ਸਮੂਹ ਢਾਹਾਂ ਪਰਿਵਾਰ ਵੱਲੋਂ ਕਾਇਮ ਕੀਤਾ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਵਿੱਚ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਪੁਰਸਕਾਰ ਬਣ ਚੁੱਕਾ ਹੈ।

# ਬਿਹਾਰ ਵਿੱਚ ਵੋਟਰ ਸੂਚੀ ਵਿੱਚ 3 ਲੱਖ ਹੋਰ ਨਾਮ ਜੋੜੇ ਗਏ:ਚੋਣ ਕਮਿਸ਼ਨ



ਨਵੀਂ ਦਿੱਲੀ: ਕਾਂਗਰਸ ਪਾਰਟੀ ਵੱਲੋਂ ਵਿਸ਼ੇਸ਼ ਤੀਬਰ ਸੋਧ ਤੋਂ ਬਾਅਦ ਬਿਹਾਰ ਵਿੱਚ ਵੋਟਰਾਂ ਦੀ ਗਿਣਤੀ ਵਿੱਚ 3 ਲੱਖ ਵਾਧੇ 'ਤੇ ਸਵਾਲ ਉਠਾਉਣ ਤੋਂ ਬਾਅਦ, ਚੋਣ ਕਮਿਸ਼ਨ ਨੇ ਕਿਹਾ ਹੈ ਕਿ ਇਹ ਵਾਧਾ ਨਵੇਂ ਵੋਟਰਾਂ ਦੇ ਜੋੜਨ ਕਾਰਨ ਹੋਇਆ ਹੈ। ਬਿਹਾਰ ਵਿੱਚ ਵੋਟਰਾਂ ਦੀ ਗਿਣਤੀ 7.42 ਕਰੋੜ ਸੀ, ਜੋ ਚੋਣ ਕਮਿਸ਼ਨ ਵੱਲੋਂ ਚੋਣ ਸ਼ਡਿਊਲ ਦਾ ਐਲਾਨ ਕਰਨ ਤੱਕ ਵਧ ਕੇ 7.45 ਕਰੋੜ ਹੋ ਗਈ। ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਲੋਕ ਪ੍ਰਤੀਨਿਧਤਾ ਐਕਟ, 1950 ਦੇ ਉਪਬੰਧਾਂ ਦੇ ਤਹਿਤ, ਨਾਮਜ਼ਦਗੀਆਂ ਦੀ ਆਖਰੀ ਮਿਤੀ ਤੋਂ 10 ਦਿਨ ਪਹਿਲਾਂ ਤੱਕ ਵੋਟਰਾਂ ਨੂੰ ਜੋੜੇ ਜਾ ਸਕਦੇ ਹਨ। ਕਮਿਸ਼ਨ ਨੇ ਕਿਹਾ ਕਿ 3 ਲੱਖ ਵੋਟਰਾਂ ਦਾ ਵਾਧਾ 10 ਅਕਤੂਬਰ ਤੱਕ ਨਵੇਂ ਵੋਟਰਾਂ ਤੋਂ ਪ੍ਰਾਪਤ ਫਾਰਮਾਂ ਦੇ ਆਧਾਰ 'ਤੇ ਹੋਇਆ ਹੈ, ਜਦੋਂ ਕਿ ਬਿਹਾਰ ਵਿੱਚ ਨਾਮਜ਼ਦਗੀਆਂ ਦੀ ਆਖਰੀ ਮਿਤੀ 20 ਅਕਤੂਬਰ ਸੀ। 6 ਨਵੰਬਰ ਨੂੰ ਹੋਈ ਪਹਿਲੇ ਪੜਾਅ ਦੀ ਵੋਟਿੰਗ ਲਈ ਨਾਮਜ਼ਦਗੀਆਂ 17 ਅਕਤੂਬਰ ਨੂੰ ਖਤਮ ਹੋ ਗਈਆਂ, ਜਦੋਂ ਕਿ 11 ਨਵੰਬਰ ਨੂੰ ਹੋਈ ਦੂਜੇ ਪੜਾਅ ਦੀ ਨਾਮਜ਼ਦਗੀ ਦੀ ਮਿਆਦ 20 ਅਕਤੂਬਰ ਸੀ। ਸ਼ਨੀਵਾਰ (15 ਨਵੰਬਰ) ਨੂੰ, ਕਾਂਗਰਸ ਨੇ ਦੋਸ਼ ਲਗਾਇਆ ਕਿ ਬਿਹਾਰ ਵਿੱਚ ਐਸਆਈਆਰ ਤੋਂ ਬਾਅਦ ਨਵੇਂ ਵੋਟਰਾਂ ਨੂੰ ਜੋੜ ਕੇ "ਵੋਟ ਚੋਰੀ" ਹੋਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਚੋਣ ਸ਼ਡਿਊਲ ਦੇ ਐਲਾਨ ਤੱਕ ਵੋਟਰਾਂ ਦੀ ਗਿਣਤੀ ਐਸਆਈਆਰ ਤੋਂ ਪਹਿਲਾਂ 74.2 ਮਿਲੀਅਨ ਤੋਂ ਵੱਧ ਕੇ 74.5 ਮਿਲੀਅਨ ਹੋ ਗਈ ਸੀ। ਇਹ ਧਿਆਨ ਦੇਣ ਯੋਗ ਹੈ ਕਿ ਹਾਲ ਹੀ ਵਿੱਚ ਸਮਾਪਤ ਹੋਈਆਂ ਬਿਹਾਰ ਵਿਧਾਨ ਸਭਾ ਚੋਣਾਂ 2025 ਵਿੱਚ, ਭਾਜਪਾ ਅਤੇ ਜੇਡੀਯੂ ਦੀ ਅਗਵਾਈ ਵਾਲੇ ਐਨਡੀਏ ਗਠਜੋੜ ਨੇ 243 ਵਿੱਚੋਂ 202 ਸੀਟਾਂ ਜਿੱਤੀਆਂ ਅਤੇ ਸਰਕਾਰ ਬਣਾਈ ਰੱਖੀ। ਰਾਸ਼ਟਰੀ ਜਨਤਾ ਦਲ (ਆਰਜੇਡੀ) ਦੀ ਅਗਵਾਈ ਵਾਲੇ ਵਿਰੋਧੀ ਮਹਾਂਗਠਜੋੜ ਨੂੰ ਸਿਰਫ਼ 35 ਸੀਟਾਂ 'ਤੇ ਹੀ ਸਿਮਟ ਕੇ ਰੱਖ ਦਿੱਤਾ ਗਿਆ। ਕਾਂਗਰਸ ਨੇ ਸਿਰਫ਼ ਛੇ ਸੀਟਾਂ ਜਿੱਤੀਆਂ, ਜਦੋਂ ਕਿ 2020 ਵਿੱਚ ਸਭ ਤੋਂ ਵੱਡੀ ਪਾਰਟੀ, ਆਰਜੇਡੀ, ਸਿਰਫ਼ 25 ਸੀਟਾਂ 'ਤੇ ਸਿਮਟ ਗਈ।



# ਸਿੱਖ ਜਥੇ ਨਾਲ ਪਾਕਿਸਤਾਨ ਗਈ ਸਰਬਜੀਤ ਦੀ ਉੱਥੇ ਵੀ ਹੋ ਰਹੀ ਭਾਲ

## 'ਮੈਂ ਆਪਣੀ ਮਰਜ਼ੀ ਨਾਲ ਇਸਲਾਮ ਅਪਣਾਇਆ ਤੇ ਵਿਆਹ ਕਰਵਾ ਲਿਆ':ਸਰਬਜੀਤ

ਲਹੌਰ:-ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਪੁਲਿਸ ਇੱਕ ਭਾਰਤੀ ਔਰਤ ਦੀ ਭਾਲ ਕਰ ਰਹੀ ਹੈ ਜੋ ਸਿੱਖ ਸ਼ਰਧਾਲੂਆਂ ਨਾਲ ਪਾਕਿਸਤਾਨ ਆਈ ਸੀ ਅਤੇ 13 ਨਵੰਬਰ ਨੂੰ ਆਪਣਾ ਵੀਜ਼ਾ ਖ਼ਤਮ ਹੋਣ ਦੇ ਬਾਵਜੂਦ ਭਾਰਤ ਵਾਪਸ ਨਹੀਂ ਪਰਤੀ।ਸ਼ੇਖ਼ੂਪੁਰਾ ਜ਼ਿਲ੍ਹਾ ਪੁਲਿਸ ਅਧਿਕਾਰੀ ਬਿਲਾਲ ਜ਼ਫਰ ਸ਼ੇਖ ਨੇ ਕਿਹਾ ਕਿ 48 ਸਾਲਾ ਔਰਤ ਸਰਬਜੀਤ ਨੇ ਇੱਕ ਪਾਕਿਸਤਾਨੀ ਨਾਗਰਿਕ ਨਾਸਿਰ ਹੁਸੈਨ ਨਾਲ ਵਿਆਹ ਕਰਵਾਇਆ ਸੀ, ਜਿਸ ਤੋਂ ਬਾਅਦ ਇਹ ਜੋੜਾ ਕਿਤੇ ਲੁਕ ਗਿਆ ਅਤੇ ਪੁਲਿਸ ਉਨ੍ਹਾਂ ਦੀ ਭਾਲ ਕਰ ਰਹੀ ਹੈ।ਹਾਲਾਂਕਿ, ਔਰਤ ਵੱਲੋਂ 7 ਨਵੰਬਰ ਨੂੰ ਸ਼ੇਖ਼ੂਪੁਰਾ ਦੇ ਜੁਡੀਸ਼ੀਅਲ ਮੈਜਿਸਟਰੇਟ ਕੋਲ ਦਾਇਰ ਕੀਤੇ ਬਿਆਨ ਅਨੁਸਾਰ, ਉਸਨੇ ਆਪਣੀ ਮਰਜ਼ੀ ਨਾਲ ਇਸਲਾਮ ਧਰਮ ਅਪਣਾ ਲਿਆ ਅਤੇ ਨਾਸਿਰ ਹੁਸੈਨ ਨਾਮ ਦੇ ਇੱਕ ਪਾਕਿਸਤਾਨੀ ਨਾਗਰਿਕ ਨਾਲ ਵਿਆਹ ਕਰਵਾ ਲਿਆ ਸੀ।ਇਸ ਸਰਬਜੀਤ ਅਤੇ ਨਾਸਿਰ ਹੁਸੈਨ ਨੇ ਸੋਸ਼ਲ ਮੀਡੀਆ 'ਤੇ ਇੱਕ ਦੂਜੇ ਨਾਲ ਸੰਪਰਕ ਕੀਤਾ ਸੀ।ਉਸ ਨੂੰ 5 ਨਵੰਬਰ ਨੂੰ ਇਸਲਾਮ ਕਬੂਲ ਕਰਨ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ।ਅਦਾਲਤ ਵਿੱਚ ਜਮ੍ਹਾ ਕਰਵਾਏ ਗਏ ਵਿਆਹ ਸਰਟੀਫਿਕੇਟ ਦੇ ਅਨੁਸਾਰ, ਨਾਸਿਰ ਹੁਸੈਨ ਦੀ ਉਮਰ 43 ਸਾਲ ਹੈ ਜਦੋਂ ਕਿ ਸਰਬਜੀਤ ਕੌਰ ਦੀ ਉਮਰ ਸਾਢੇ 48 ਸਾਲ ਹੈ। ਵਿਆਹ ਸਰਟੀਫਿਕੇਟ ਦੇ ਅਨੁਸਾਰ, ਦਾਜ 10,000 ਰੁਪਏ ਤੈਅ ਕੀਤਾ ਗਿਆ ਸੀ।ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਨਾਸਿਰ ਹੁਸੈਨ ਪਹਿਲਾਂ ਹੀ ਵਿਆਹਿਆ ਹੋਇਆ ਹੈ ਅਤੇ ਉਸ ਨੂੰ ਦੂਜੇ ਵਿਆਹ ਲਈ ਇਜਾਜ਼ਤ ਦੀ ਲੋੜ ਨਹੀਂ ਹੈ।ਭਾਰਤੀ ਮੀਡੀਆ ਰਿਪੋਰਟਾਂ ਅਨੁਸਾਰ, ਸਰਬਜੀਤ ਪੰਜਾਬ ਰਾਜ ਦੇ ਕਪੂਰਥਲਾ ਜ਼ਿਲ੍ਹੇ ਦੀ ਰਹਿਣ ਵਾਲੀ ਹੈ, ਜਿੱਥੇ ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ।ਭਾਰਤੀ ਸਮਾਚਾਰ ਏਜੰਸੀ ਪੀਟੀਆਈ ਦੇ ਅਨੁਸਾਰ, ਉਹ ਲਗਭਗ 2,000 ਸਿੱਖ ਸ਼ਰਧਾਲੂਆਂ ਦੇ ਸਮੂਹ ਦਾ ਜਥਾ ਸੀ ਜੋ 10 ਦਿਨਾਂ ਦੀ ਯਾਤਰਾ ਤੋਂ ਬਾਅਦ 13 ਨਵੰਬਰ ਨੂੰ ਭਾਰਤ ਵਾਪਸ ਆਏ ਸਨ। ਪਰ ਸਰਬਜੀਤ ਕੌਰ ਉਨ੍ਹਾਂ ਨਾਲ ਵਾਪਸ ਨਹੀਂ ਪਹੁੰਚੀ।

ਭਾਰਤੀ ਮੀਡੀਆ ਰਿਪੋਰਟਾਂ ਦੇ ਅਨੁਸਾਰ, ਸਰਬਜੀਤ ਤਲਾਕਸ਼ੁਦਾ ਹੈ ਅਤੇ ਉਸਦੇ ਪਿਛਲੇ ਵਿਆਹ ਤੋਂ ਦੋ ਪੁੱਤਰ ਹਨ, ਜਦੋਂ ਕਿ ਉਸ ਦਾ ਪਹਿਲਾ ਪਤੀ ਲਗਭਗ ਤਿੰਨ ਦਹਾਕਿਆਂ ਤੋਂ ਇੰਗਲੈਂਡ ਵਿੱਚ ਰਹਿ ਰਿਹਾ ਹੈ।ਮੁਕਤਸਰ ਸਾਹਿਬ ਦੇ ਪਿੰਡ ਛਾਪਿਆਂਵਾਲੀ ਦੇ ਵਸਨੀਕ ਅਤੇ ਸਰਬਜੀਤ ਦੇ ਭਰਾ ਜਗਰੂਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਦੀ ਪਿਛਲੇ ਢਾਈ ਸਾਲਾਂ ਤੋਂ ਸਰਬਜੀਤ ਕੌਰ ਨਾਲ ਬੋਲਚਾਲ ਨਹੀਂ ਹੈ।ਉਨ੍ਹਾਂ ਨੇ ਕਿਹਾ, "ਉਸ ਦੇ ਪਰਿਵਾਰ ਨਾਲ ਕੁਝ ਝਗੜੇ ਸਨ। ਉਹ ਨੇੜਲੇ ਪਿੰਡ ਦੇ ਵਸਨੀਕਾਂ ਨਾਲ ਵੀ ਝਗੜਿਆਂ ਵਿੱਚ ਸ਼ਾਮਲ ਰਹੀ ਹੈ। ਸ਼ਰਮਿੰਦਗੀ ਤੋਂ ਬਚਣ ਲਈ ਅਸੀਂ ਉਸ ਨਾਲੋਂ ਸਬੰਧ ਤੋੜ ਲਏ।"

"ਉਸ ਦੇ ਦੋ ਪੁੱਤਰ ਹਨ, ਦੋਵੇਂ ਵਿਆਹੇ ਹੋਏ ਹਨ। ਸਰਬਜੀਤ ਦੀਆਂ ਦੋ ਪੋਤੀਆਂ ਵੀ ਹਨ। ਉਸ ਦਾ ਪਤੀ ਲਗਭਗ 19-20 ਸਾਲਾਂ ਤੋਂ ਇੰਗਲੈਂਡ ਵਿੱਚ ਰਹਿ ਰਿਹਾ ਹੈ ਅਤੇ ਉਸ ਨੇ ਉਸਨੂੰ ਤਲਾਕ ਨਹੀਂ ਦਿੱਤਾ ਹੈ।"

ਉਨ੍ਹਾਂ ਨੇ ਬੀਬੀਸੀ ਨਾਲ ਇੱਕ ਵੀਡੀਓ ਸਾਂਝਾ ਕੀਤਾ ਹੈ ਜਿਸ ਵਿੱਚ ਸਰਬਜੀਤ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ ਕਿ ਉਸ ਦਾ ਤਲਾਕ ਹੋ ਗਿਆ ਹੈ ਅਤੇ ਉਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਧਰਮ ਅਪਣਾਉਣ ਤੇ ਨਾਸਿਰ ਹੁਸੈਨ ਨਾਲ ਵਿਆਹ ਕਰਨ ਦਾ ਫ਼ੈਸਲਾ ਕੀਤਾ ਹੈ।ਉਹ ਕਹਿੰਦੀ ਹੈ ਕਿ ਉਹ ਨਾਸਿਰ ਹੁਸੈਨ ਨੂੰ ਨੌਂ ਸਾਲਾਂ ਤੋਂ ਜਾਣਦੀ ਹੈ।ਉਹ ਕਹਿੰਦੀ ਹੈ, "ਕਿਸੇ ਨੇ



ਮੈਨੂੰ ਅਗਵਾ ਨਹੀਂ ਕੀਤਾ... ਮੈਂ ਆਪਣੀ ਮਰਜ਼ੀ ਨਾਲ ਵਿਆਹ ਕੀਤਾ ਹੈ। ਮੈਂ ਆਪਣੇ ਮਾਪਿਆਂ ਦੇ ਘਰੋਂ ਸਿਰਫ਼ ਤਿੰਨ ਕੱਪੜਿਆਂ ਨਾਲ ਆਈ ਸੀ ਅਤੇ ਮੇਰੇ ਕੋਲ ਕੁਝ ਵੀ ਨਹੀਂ ਸੀ।"ਇਸ ਬਿਆਨ ਵਿੱਚ ਉਸ ਨੇ ਦਾਅਵਾ ਕੀਤਾ, " ਪਾਕਿਸਤਾਨ ਦੀ ਪੁਲਿਸ ਮੇਰੇ ਵਿਆਹ ਕਾਰਨ ਬਹੁਤ ਗੁੱਸੇ ਵਿੱਚ ਹੈ ਅਤੇ 5 ਨਵੰਬਰ ਨੂੰ ਰਾਤ 9 ਵਜੇ, ਪੁਲਿਸ ਅਧਿਕਾਰੀ ਜ਼ਬਰਦਸਤੀ ਸਾਡੇ ਘਰ ਵਿੱਚ ਦਾਖ਼ਲ ਹੋਏ ਅਤੇ ਮੈਨੂੰ ਆਪਣੇ ਨਾਲ ਆਉਣ ਲਈ ਕਿਹਾ, ਪਰ ਜਦੋਂ ਮੈਂ ਇਨਕਾਰ ਕਰ ਦਿੱਤਾ ਤਾਂ ਉਹ ਗੁੱਸੇ ਵਿੱਚ ਆ ਗਏ।"ਉਹ ਕਹਿੰਦੀ ਹੈ, "ਜਦੋਂ ਮੈਂ ਰੌਲਾ ਪਾਇਆ ਤਾਂ ਸਥਾਨਕ ਲੋਕ ਵੀ ਆ ਗਏ ਅਤੇ ਅਸੀਂ ਜਾਨ ਬਚਾਉਣ ਲਈ ਬੇਨਤੀ ਕੀਤੀ।"ਭਾਰਤੀ ਔਰਤ ਨੇ ☞


Home Improvement

A-CLASS Appliance Rep.
*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace
GURJIT
CERTIFIED TECHNICIAN
(24Hrs)
Off: 604-543-6239
#103-12465-82Ave Surrey, BC

A-CLASS Electric Ltd.
*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom
FREE ESTIMATES
Cell: 604-351-2538
Tel:604-596-5474
CLASS "A" CERTIFIED & LICENCED ELECTRICIANS
MANJIT

DAWN RENOVATION
Commercial & Residential
ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ
ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।
Certified Electrician, Builder, Construction & Development
ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ
604-716-3534 / 778-881-0236
daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ
ਲੱਖੀ ਰੈਨੋਵੇਸ਼ਨ
• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ
15 ਸਾਲਾ ਦਾ ਤਜ਼ਰਬਾ
ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ
ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ
ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship
STORM ELECTRIC LTD EST. 2020
Mandeep Dhaliwal
(Certified Electrician)
778-994-7207
Email:stormelectricltd@gmail.com

Up-To-Date Finishing
ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ
We are specialized in Custom Wood Working:
Residential & Commercial Renovations
•Doors
•Mouldings
•Fire Place
•Base Board
•Hardy Plank
•Wood Floor
All kinds of exterior finishing
Sanjeev Dhir 778.320.9413
sanjeevkumarsk52@gmail.com

# 'ਸੁੱਖਾਂ ਲੱਧੀ ਪੌਣ' ਅਤੇ ਢਾਹਾਂ ਇਨਾਮ ਜੇਤੂਆਂ ਦਾ ਸਨਮਾਨ





ਚਿੱਲੀਵੈਕ - ਪੰਜਾਬੀ ਕਲਮਾਂ ਅਤੇ ਕਲਾ ਮੰਚ ਚਿੱਲੀਵੈਕ ਵੱਲੋਂ ਮਰਹੂਮ ਲੇਖਿਕਾ ਇੰਦਰਜੀਤ ਸਿੱਧੂ ਨੂੰ ਭਾਵਭਿੰਨੀ ਸ਼ਰਧਾਂਜਲੀ ਦਿੱਤੀ ਗਈ। ਉਨ੍ਹਾਂ ਦੀ ਜੀਵਨੀ ਅਤੇ ਲਿਖਤਾਂ ਬਾਰੇ ਭਰਪੂਰ ਗੱਲਬਾਤ ਹੋਈ। ਪਰਿਵਾਰਿਕ ਮੈਂਬਰਾਂ ਤੋਂ ਇਲਾਵਾ ਦੂਰੋਂ - ਦੂਰੋਂ ਆਏ ਲੇਖਕਾਂ ਅਤੇ ਪਾਠਕਾਂ ਨੇ ਹਿੱਸਾ ਲਿਆ। ਗ਼ਮਗੀਨ ਮਾਹੌਲ ਵਿੱਚ ਵਾਰ- ਵਾਰ ਉਹਨਾਂ ਦੇ ਪਰਿਵਾਰ ਅਤੇ ਸਨੇਹੀਆਂ ਦੀਆਂ ਅੱਖਾਂ ਵਿਰਾਗ ਨਾਲ ਨਮ ਹੋਈਆਂ। ਅੰਕੇਸ਼ਵਰ ਸਿੰਘ ਨੇ ਗੁਰਬਾਣੀ ਦੇ ਸ਼ਬਦ ਨਾਲ ਪ੍ਰੋਗਰਾਮ ਦਾ ਆਗਾਜ਼ ਕੀਤਾ। ਹਰ ਇੱਕ ਨੇ ਇੰਦਰਜੀਤ ਸਿੱਧੂ ਨਾਲ ਬਿਤਾਏ ਵਕਤ, ਉਹਨਾਂ ਦੀਆਂ ਲਿਖਤਾਂ, ਸਾਹਿਤ ਨੂੰ ਦੇਣ ਅਤੇ ਨਿੱਜੀ ਸਾਂਝ ਬਾਰੇ ਗੱਲਬਾਤ ਕੀਤੀ।ਜੈਸਮੀਨ ਚਹਿਲ ਨੇ ਇੱਕ ਗੀਤ ਸੁਣਾ ਕੇ ਮਾਹੌਲ ਸੁਖਾਵਾਂ ਕੀਤਾ ਜਿਸ ਤੋਂ ਬਾਅਦ ਇਸ ਸਾਲ ਦੇ ਢਾਹਾਂ ਇਨਾਮ ਜੇਤੂ ਭਗਵੰਤ ਰਸੂਲਪੁਰੀ ਅਤੇ ਲਾਹੌਰੋਂ ਆਏ ਮਹਿਮਾਨ ਮੁਦੱਸਰ ਬਸ਼ੀਰ ਨੂੰ ਮੁਬਾਰਕਾਂ ਦੇਣ ਦਾ ਦੌਰ ਚਲਿਆ। ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਭਾਰਤ ਤੋਂ ਆਏ ਬੁੱਧੀਜੀਵੀ ਡਾ. ਸਰਬਜੀਤ ਕੌਰ ਸੋਹਲ, ਡਾ. ਰਾਜਿੰਦਰਪਾਲ ਬਰਾੜ, ਡਾ. ਚਰਨਜੀਤ ਕੌਰ ਬਰਾੜ ਨੇ ਮੁੱਖ ਮਹਿਮਾਨਾਂ ਦੀ ਭੂਮਿਕਾ ਨਿਭਾਈ।ਮੰਚ ਵੱਲੋਂ ਜੇਤੂਆਂ ਅਤੇ ਮੁੱਖ ਮਹਿਮਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ ਭੇਟ ਕੀਤੇ ਗਏ।ਜੇਤੂਆਂ ਤੋਂ ਲਿਖਣ ਪ੍ਰੀਕਿਰਿਆ ਬਾਰੇ ਵਿਚਾਰ ਸੁਣੇ ਅਤੇ ਵਿਸ਼ੇਸ਼ ਮਹਿਮਾਨਾਂ ਦੀ ਵੀ ਸਾਹਿਤ ਪ੍ਰਤੀ ਦੇਣ ਬਾਰੇ ਭਰਵੀਂ ਗੱਲ ਹੋਈ।ਨਵਾਂ ਨਾਵਲ " ਸੁੱਖਾਂ ਲੱਧੀ ਪੌਣ" ਨੂੰ ਰਿਲੀਜ਼ ਕੀਤਾ ਗਿਆ ਜਿਸ ਬਾਰੇ ਡਾ ਪੁਸ਼ਵਿੰਦਰ ਖੋਖਰ ਨੇ ਪਰਚਾ ਪੜ੍ਹਿਆ। ਪ੍ਰੀਤਪਾਲ ਪੂਨੀ ਨੇ ਨਾਵਲ ਦੀਆਂ ਕੁੱਝ ਪਰਤਾਂ ਨੂੰ ਬਾਖੂਬੀ ਫਰੋਲਿਆ।ਪ੍ਰੋਗਰਾਮ ਵਿੱਚ ਇੰਦਰਜੀਤ ਸਿੱਧੂ ਜੀ ਧੀ ਅਨਵੀਨ ਸਿੱਧੂ, ਹਿਨਾ, ਉਹਨਾਂ ਦੇ ਪੇਕੇ ਪਰਿਵਾਰ ਤੋਂ ਭਰਾ ਭਰਜਾਈ ਤੋਂ ਇਲਾਵਾ ਡਾ ਸਰਬਜੀਤ ਸੋਹਲ, ਡਾ ਰਜਿੰਦਰਪਾਲ ਬਰਾੜ, ਡਾ. ਚਰਨਜੀਤ ਕੌਰ ਬਰਾੜ, ਪ੍ਰਿੰਸੀਪਲ ਸੁਰਿੰਦਰ ਬਰਾੜ, ਮੀਰਾ ਗਿੱਲ, ਇਕਬਾਲ ਸਹੋਤਾ, ਡਾ ਪੁਸ਼ਵਿੰਦਰ ਖੋਖਰ, ਕਵਿੰਦਰ ਚਾਂਦ, ਅਮਰੀਕ ਪਲਾਹੀ, ਇੰਦਰਜੀਤ ਧਾਮੀ, ਬਲਦੇਵ ਬਾਠ, ਮਿਸਿਜ਼ ਬਾਠ, ਨਿਰਮਲ ਗਿੱਲ, ਪ੍ਰਿਤਪਾਲ ਪੂਨੀ , ਬਿੰਦੂ ਮਠਾੜੂ, ਜਸਬੀਰ ਮਾਨ, ਸਤਵੰਤ ਪੰਧੇਰ, ਨਗਿੰਦਰ ਢਿੱਲੋਂ, ਮੀਨੂ ਬਾਵਾ, ਹਰੀ ਸਿੰਘ ਤਾਤਲਾ, ਗੋਬਿੰਦਰ ਪੰਧੇਰ, ਰਿਸ਼ੀ, ਸੁਰਜੀਤ ਪਰਮਾਰ, ਹਰਕੀਰਤ ਚਹਿਲ, ਕੁਲਦੀਪ ਚਹਿਲ, ਜੈਸਮੀਨ ਚਹਿਲ, ਅੰਕੇਸ਼ਵਰ ਸਿੰਘ, ਨਿਵੇਦਿਤਾ ਸ਼ਰਮਾ, ਬਲਜਿੰਦਰ ਕੌਰ, ਹਸਨਦੀਪ ਅਤੇ ਬਹੁਤ ਹੋਰ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ। ਹਰਕੀਰਤ ਚਹਿਲ ਨੇ ਮੰਚ ਦੀ ਭੂਮਿਕਾ ਬਾਖੂਬੀ ਨਿਭਾਈ।ਤਕਰੀਬਨ ਚਾਰ ਘੰਟੇ ਚੱਲੇ ਇਸ ਸਫਲ ਸਾਹਿਤਕ ਪ੍ਰੋਗਰਾਮ ਨੇ ਅਮਿੱਟ ਪੈੜਾਂ ਛੱਡੀਆਂ।

---

ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਸ ਨੂੰ ਅਤੇ ਉਸ ਦੇ ਪਤੀ ਨੂੰ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ ਜਾਵੇ।ਦੂਜੇ ਪਾਸੇ, ਸ਼ੇਖੂਪੁਰਾ ਪੁਲਿਸ ਦੇ ਬੁਲਾਰੇ ਰਾਣਾ ਯੂਨਿਸ ਨੇ ਬੀਬੀਸੀ ਉਰਦੂ ਨੂੰ ਦੱਸਿਆ ਕਿ ਪੁਲਿਸ ਨੇ ਕਿਸੇ ਵੀ ਭਾਰਤੀ ਔਰਤ ਜਾਂ ਉਸਦੇ ਪਾਕਿਸਤਾਨੀ ਪਤੀ ਨੂੰ ਪਰੇਸ਼ਾਨ ਨਹੀਂ ਕੀਤਾ।ਉਨ੍ਹਾਂ ਕਿਹਾ, "ਇਸ ਸਬੰਧ ਵਿੱਚ ਲਗਾਏ ਗਏ ਇਲਜ਼ਾਮ ਹਕੀਕਤ ਦੇ ਉਲਟ ਹਨ ਅਤੇ ਪੁਲਿਸ ਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਹੈ।"ਉਨ੍ਹਾਂ ਕਿਹਾ, "ਕਿਉਂਕਿ ਇਹ ਮਾਮਲਾ ਸੰਵੇਦਨਸ਼ੀਲ ਹੈ, ਇਸ ਲਈ ਇਸ ਨੂੰ ਵੱਖ-ਵੱਖ ਸੰਸਥਾਵਾਂ ਦੁਆਰਾ ਦੇਖਿਆ ਜਾ ਰਿਹਾ ਹੈ ਅਤੇ ਜੋ ਵੀ ਫ਼ੈਸਲਾ ਲਿਆ ਜਾਵੇਗਾ ਉਹ ਪਾਕਿਸਤਾਨ ਦੇ ਕਾਨੂੰਨਾਂ ਅਨੁਸਾਰ ਹੋਵੇਗਾ।"

## HOME IMPROVEMENT


SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।
ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
604-729-3225
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

GOLDEN STAR PAINTING
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੇਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਸਾਊਦੀ ਅਰਬ ਵਿੱਚ 42 ਭਾਰਤੀਆਂ ਦੀ ਮੌਤ,ਇੱਕ ਪ੍ਰੀਵਾਰ ਦੀਆਂ ਤਿੰਨ ਪੀੜ੍ਹੀਆਂ ਖਤਮ

ਸਾਊਦੀ ਅਰਬ ਵਿੱਚ ਇੱਕ ਭਿਆਨਕ ਸੜਕ ਹਾਦਸੇ ਵਿੱਚ 42 ਭਾਰਤੀਆਂ ਦੀ ਮੌਤ ਹੋ ਗਈ ਜਦੋਂ ਮੱਕਾ ਤੋਂ ਮਦੀਨਾ ਜਾ ਰਹੀ ਬੱਸ ਇੱਕ ਡੀਜ਼ਲ ਟੈਂਕਰ ਨਾਲ ਟਕਰਾ ਗਈ ਅਤੇ ਅੱਗ ਲੱਗ ਗਈ। ਮ੍ਰਿਤਕਾਂ ਵਿੱਚ 20 ਔਰਤਾਂ ਅਤੇ 11 ਬੱਚੇ ਸ਼ਾਮਲ ਹਨ। ਰਿਪੋਰਟਾਂ ਅਨੁਸਾਰ, ਹਾਦਸੇ ਵਿੱਚ ਸਿਰਫ਼ ਬੱਸ ਡਰਾਈਵਰ ਹੀ ਬਚਿਆ।ਮ੍ਰਿਤਕਾਂ ਵਿੱਚੋਂ ਜ਼ਿਆਦਾਤਰ ਹੈਦਰਾਬਾਦ ਦੇ ਦੱਸੇ ਜਾ ਰਹੇ ਹਨ।ਇਹ ਹਾਦਸਾ ਮਦੀਨਾ ਤੋਂ ਲਗਭਗ 160 ਕਿਲੋਮੀਟਰ ਦੂਰ ਮੁਹਰਸ ਦੇ ਨੇੜੇ ਭਾਰਤੀ ਸਮੇਂ ਅਨੁਸਾਰ ਲਗਭਗ 1:30 ਵਜੇ ਵਾਪਰਿਆ।ਉਸ ਸਮੇਂ ਬਹੁਤ ਸਾਰੇ ਯਾਤਰੀ ਸੁੱਤੇ ਪਏ ਸਨ ਅਤੇ ਉਨ੍ਹਾਂ ਨੂੰ ਬਚਣ ਦਾ ਕੋਈ ਮੌਕਾ ਨਹੀਂ ਮਿਲਿਆ।ਹਾਦਸੇ ਵਿੱਚ ਮਾਰੇ ਗਏ ਲੋਕਾਂ ਵਿੱਚੋਂ ਬਾਰਾਂ ਭਾਰਤੀ ਪੀੜਤਾਂ ਦੀ ਪਛਾਣ ਹੋ ਗਈ ਹੈ।ਇਸ ਸੜਕ ਹਾਦਸੇ ਵਿੱਚ ਹੈਦਰਾਬਾਦ ਦੇ ਇੱਕ ਪਰਿਵਾਰ ਦੇ 18 ਮੈਂਬਰਾਂ ਦੀ ਮੌਤ ਹੋ ਗਈ। ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਖਤਮ ਹੋ ਗਈਆਂ, ਜਿਸ ਨਾਲ ਸ਼ਹਿਰ ਸੋਗ ਵਿੱਚ ਡੁੱਬ ਗਿਆ।










ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1650
2 PCS SOFA & LOVE SEAT
$1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ



GE
+91 77175-02848
+91 98146-12006
+91 99882-68982
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ *24 ਘੰਟੇ ਸਰਵਿਸ
WE OFFER VARIETY OF CARS OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES